ਜਿਸ ਘਰ ਵਿਖੇ ਕਿ ਆਪੋ ਧਾਪੀ ਪਈ ਹੋਈ ਹੋਵੇ।

ਕਿੰਤੂ ਇਕ ਪੁਰਸ਼ ਆਖਦਾ ਹੈ:"ਕਿ ਕੀ ਸਦਾ ਆਪਣੇ ਅੰਦਰ ਦੀਆਂ ਪ੍ਰੇਰਣਾਂ ਤੇ ਚੱਲਣਾ ਸਾਡੇ ਵਾਸਤੇ ਸਦਾ ਭੇਦਾਇਕ ਨਹੀਂ ਹੋਵੇਗਾ ? ਮੰਨ ਲਿਆ ਕਿ ਸਾਨੂੰ ਇਕ ਅਜਿਹੀ ਪ੍ਰੇਰਣਾਂ ਹੁੰਦੀ ਹੈ ਕਿ ਅਸੀ ਉਸਤੋਂ ਕਿਸੇ ਪੁਰਸ਼ ਨੂੰ ਨੁਕਸਾਨ ਪੁਚਾਈਏ ? ਪਰ ਸਾਨੂੰ ਉਸਤੋਂ ਡਰਨਾ ਨਹੀਂ ਚਾਹੀਦਾ, ਕਿਉਂਕਿ ਆਤਮਾਂ ਦੀ ਹਦਾ-ਇਤ ਆਤਮਾਂ ਦੁਆਰਾ ਪ੍ਰਮਾਤਮਾਂ ਦਾ ਰੱਬੀ ਬਚਨ ਦੂਜੀ ਆਤਮਾਂ ਨੂੰ ਹਾਨੀ ਪੁਚਾਨ ਦੀ ਹਦਾਇਤ ਕਦੀ ਭੀ ਨਹੀਂ ਕਰੇਗਾ ਅਰ ਨਾਂ ਹੀ ਅਜਿਹਾ ਕੰਮ ਕਰਨ ਦੀ ਆਗਜਾ ਦੇਵੇਗਾ, ਜੋ ਹੱਕ ਸੱਚਾ ਅਤੇ ਨਿਆਇ ਪਰਮ ਉੱਤਮ ਕਸੌਟੀ ਤੇ ਨਿਰਭਰ ਨਾਂ ਹੋਵੇ ਅਰ ਜੇ ਤੁਹਾਨੂੰ ਕਿਸੇ ਵੇਲੇ ਇਸਤਰਾਂ ਦੀ ਅਰਥਾਤ ਹੋਰਨਾਂ ਨੂੰ ਨੁਕਸਾਨ ਪੁਚਾਨ ਲਈ ਪ੍ਰੇਰਨਾਂ ਭੀ ਹੋਵੇ, ਤਾਂ ਇਹ ਜਾਨ ਲਵੋ ਕਿ ਓਹ ਜ਼ਮੀਰ ਅੰਦਰਲੇ ਦੀ ਆਗਜਾ ਨਹੀਂ ਹੈ (ਇਹ ਕੋਈ ਤੁਹਾਡਾ ਨੀਚ ਦਰਜੇ ਦਾ ਮਨ ਹੈ ਜੋ ਤੁਹਾਨੂੰ ਏਸ ਤਰਾਂ ਦੀ ਪ੍ਰੇਰਨਾਂ ਕਰਦਾ ਹੈ)।

ਸੋਚ ਤੋਂ ਕੰਮ ਨਾਂ ਲੈਣਾ ਉਚਿੱਤ ਨਹੀਂ ਹੈ, ਸਗੋਂ ਇਸਨੂੰ ਸਦੀਵ ਏਸ ਉੱਚ ਦਰਜੇ ਦੇ ਆਤਮਕ ਪ੍ਰਕਾਸ਼ ਤੋਂ ਪ੍ਰਕਾਸ਼ ਵਾਨ ਕਰਨਾ ਚਾਹੀਦਾ ਹੈ ਅਰ ਜਿੰਨਾ ਅਸੀ ਏਸਨੂੰ ਇਸ ਨਾਲ ਪ੍ਰਕਾਸ਼ ਵਾਨ ਕਰਾਂਗੇ, ਓਨਾਂ ਹੀ ਓਹ ਉਸ ਚਾਨਣੇ ਅਤੇ ਬਲ ਦਾ ਵਿਚੋਲਾ ਬਨਾਵੇਗੀ। ਜਦੋਂ ਇਕ ਪੁਰਸ਼ ਆਪਣੇ ਸ੍ਵੈ ਸਰੂਪ ਨੂੰ ਪੂਰਨ ਰੀਤੀ ਨਾਲ ਸਮਝ ਲੈਂਦਾ ਹੈ, ਤਦੋਂ ਉਸਦਾ ਪ੍ਰਵੇਸ਼ ਵਿਦਯਾ ਅਤੇ

ਸਿਆਣਪ ਦੀ ਪਾਤਸ਼ਾਹੀ ਵਿਖੇ ਹੋ ਜਾਂਦਾ ਹੈ ਅਤੇ ਸ੍ਵੈ ਸਰੂਪ ਦੇ ਗਿਆਨ ਤੋਂ ਭਾਵ ਇਹ ਹੈ, ਕਿ ਹਰ ਇਕ ਪੁਰਸ਼ ਇਸ ਗੱਲ ਨੂੰ ਪਛਾਨ ਲਵੇ ਕਿ ਅਪਾਰ ਬਲ ਜੋ ਸਭ ਦੀ ਪਿੱਠ ਪਿੱਛੇ ਹੈ ਉਸਦੇ ਬਾਹਰ ਕੋਈ ਤਾਕਤ ਨਹੀਂ ਹੈ। ਜਦੋਂ ਇਕ ਪੁਰਸ਼ ਏਸ ਵੱਡੀ ਹਕੀਕਤ ਨੂੰ ਪਛਾਨ ਲੈਂਦਾ ਹੈ ਅਰ ਅਪਾਰ ਸਿਆਣਪ ਦੀ ਉਸ ਆਤਮਾਂ ਨੂੰ ਆਪਣੇ ਅੰਦਰ ਖੁੱਲ੍ਹਮਖੁੱਲ੍ਹਾ ਆਉਣ ਦੇਂਦਾ ਹੈ, ਤਦੋਂ ਓਹ ਫੇਰ ਅਸਲੀ ਪੜ੍ਹਾਈ ਸਿਖਾਈ ਦੇ ਰਸਤੇ ਵਿਖੇ ਦਾਖਲ ਹੋ ਜਾਂਦਾ ਹੈ ਅਰ ਜੋ ਗੁੱਝੇ ਭੇਤ ਪੈਹਲਾਂ ਉਸਨੂੰ ਮੇਲੂਮ ਨਹੀਂ ਸਨ ਹੁਣ ਓਹ ਸਾਰੇ ਉਸ ਉੱਤੇ ਪ੍ਰਗਟ ਹੋ ਜਾਂਦੇ ਹਨ। ਅਸਲ ਵਿਚ ਸਾਰੀ ਅਸਲੀ ਵਿਦਯਾ ਦੀ ਨੀਂਹ ਇਹੀ ਹੋਣੀ ਚਾਹੀਦੀ ਹੈ, ਇਹੋ ਹੀ ਮਾਨੋਂ ਅੰਦਰ ਦਾ ਉਭਾਰਨਾ ਹੈ ਅਰ ਏਹੋ ਹੀ ਅਪਾਰ ਤਾਕਤ ਵਲੋਂ, ਡਿੱਗ ਚੁਕੇ ਨੂੰ ਉੱਨਤ ਕਰਨਾ ਹੈ।

ਜਿਨ੍ਹਾਂ ਗੱਲਾਂ ਦਾ ਜਾਨਣਾ ਸਾਡੇ ਵਾਸਤੇ ਜ਼ਰੂਰੀ ਹੈ, ਓਹ ਸਾਰੀਆਂ ਸਾਨੂੰ ਮਲੂਮ ਹੋ ਜਾਨਗੀਆਂ, ਜੇਕਰ ਅਸੀ ਉਸ ਅਕਾਲ ਪੁਰਖ ਦੀ ਸਿਖਯਾ ਅਨੁਸਾਰ ਅਮਲ ਕਰੀਏ। ਇਸਤਰਾਂ ਨਾਲ ਅਸੀ ਭਵਿੱਖਯਤ ਦੀਆਂ ਗੱਲਾਂ ਮਲੂਮ ਕਰ ਸੱਕਾਂਗੇ ਅਰ ਸਾਡੇ ਅੰਦਰ ਚੀਜ਼ਾਂ ਦੇ ਅਸਲੀ ਰੂਪ ਦਾ ਪਤਾ ਕਰਨ ਦੀ ਤਾਕਤ ਪ੍ਰਾਪਤ ਹੋ ਜਾਏਗੀ। ਨਾਂ ਕੋਈ ਨਵੇਂ ਸਤਾਰੇ ਹਨ ਅਰ ਨਾਂ ਹੀ ਕੋਈ ਨਵੇਂ ਨਿਯਮ ਜਾਂ ਤਾਕਤਾਂ ਹਨ, ਪਰ ਅਸੀ ਉਸ ਅਪਾਰ ਸਜਾਣਪ ਦੀ ਆਤਮਾਂ ਨੂੰ ਆਪਣੇ ਅੰਦਰ ਇਸਤਰਾਂ ਆਉਣ ਦੇ ਸਕਦੇ ਹਾਂ ਕਿ ਅਸੀ ਓਹਨਾਂ

ਸਤਾਰਿਆਂ ਦੇ ਨਿਯਮਾਂ ਜਾਂ ਤਾਕਤਾਂ ਦਾ ਪਤਾ ਕਰ ਤੇ ਪਛਾਣ ਸਕੀਏ, ਜੋ ਕਿ ਸਾਨੂੰ ਪੈਹਲਾਂ ਤੋਂ ਮਲੂਮ ਨਹੀਂ ਸਨ ਅਰ ਇਸਤਰਾਂ ਨਾਲ ਇਹ ਚੀਜ਼ਾਂ ਸਾਡੇ ਵਾਸਤੇ ਨਵੀਆਂ ਬਣ ਜਾਂਦੀਆਂ ਹਨ। ਜਦੋਂ ਅਸੀ ਇਸਤਰਾਂ ਨਾਲ ਅਸਲੀ ਭਾਵ ਸਚਾਈ ਜਾਂ ਆਤਮ ਗਿਆਨ ਦੇ ਗਿਆਤਾ ਹੋ ਜਾਂਦੇ ਹਾਂ, ਤਾਂ ਫੇਰ ਸਾਨੂੰ ਓਹਨਾਂ ਗੱਲਾਂ ਦੇ ਜਾਨਣ ਦੀ ਲੋੜ ਨਹੀਂ ਰਹਿੰਦੀ, ਜੋ ਉੱਤੋ ਤ੍ਰੁੱਤੀ ਅਦਲ ਬਦਲ ਹੁੰਦੀਆਂ ਰਹਿੰਦੀਆਂ ਹਨ, ਫੇਰ ਅਸੀ ਆਪਣੇ ਅੰਤ੍ਰੀਵ ਆਪੇ ਦੀ ਚੁਪ ਚਾਪ ਦਸ਼ਾ ਵਿਖੇ ਪ੍ਰਵਿਰਤ ਹੋ ਸਕਦੇ ਹਾਂ। ਅਸੀ ਖਿੜਕੀ ਖੋਲ੍ਹਕੇ ਬਾਹਰ ਵੇਖ ਸਕਦੇ ਹਾਂ ਅਰ ਇਸਤਰਾਂ ਜਦੋਂ ਚਾਹੀਏ ਮਨ ਭੌਂਦੇ ਅਨੂਲ ਮਲੂਮ ਕਰ ਸਕਦੇ ਹਾਂ, ਏਸੇ ਨੂੰ ਅਸਲੀ ਦਨਾਈ ਜਾਂ ਸਿਆਣਪ ਆਖਦੇ ਹਨ :"ਸਿਆਣਪ ਈਸ਼ੁਰ ਦੀ ਪਛਾਣ ਜਾਂ ਸ੍ਵੈ ਸਰੂਪ ਦਾ ਗਿਆਨ ਹੀ ਹੈ" ਸਿਆਣਪ ਅੰਤ੍ਰੀਵ ਪ੍ਰੇਰਨਾਂ ਦੁਆਰਾ ਪ੍ਰਾਪਤ ਹੁੰਦੀ ਹੈ,ਇਹ ਵਿਦਯਾ ਤੋਂ ਬਹੁਤ ਦੂਰ ਹੈ। ਵਿਗਯਾਨ ਬਹੁਤ ਸਾਰੀਆਂ ਚੀਜ਼ਾਂ ਦਾ ਗਿਆਨ ਕੇਵਲ ਦਿੜ੍ਹ ਇਸਥਿਰ ਚੇਤਨ ਸ਼ਕਤੀ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ ਅਤੇ ਅੰਤਸ਼ਕਰਨ ਵਿਖੇ ਕਾਇਮ ਰਹਿ ਸਕਦਾ ਹੈ, ਇਹ ਗਿਆਨ ਪੜ੍ਹਾਈ ਦੁਆਰਾ ਲੱਭਦਾ ਹੈ, ਪਰ ਦਿੱਵਯ ਦ੍ਰਿਸ਼ਟੀ (ਬਸੀਰਤ) ਇਸ ਵਿਦਯਾ ਜਾਂ ਗਿਆਤ ਤੋਂ ਕਈ ਦਰਜੇ ਵਧੇਰੇ ਹੈ, ਕਿਉਂਕਿ ਓਸ ਵਿਦਯਾ ਵਿਚ ਏਸ ਸੂਖਮ ਵਿੱਦਿਆ ਦਾ ਤਾਂ ਕੇਵਲ ਅਭਾਸ ਮਾਤ੍ਰ ਹੈ।

ਜੋ ਪੁਰਸ਼ ਸਿਆਣਪ ਦੀ ਪਾਤਸ਼ਾਹੀ ਵਿਖੇ

ਪ੍ਰਵੇਸ਼ ਪੌਣਾ ਚਾਹੁੰਦਾ ਹੈ, ਉਸਦੇ ਵਾਸਤੇ ਇਹ ਜ਼ਰੂਰੀ ਹੈ ਕਿ ਸਭ ਭਾਂਤ ਦੇ ਅਕਲੀ ਘੁਮੰਡ ਨੂੰ ਦੂਰ ਕਰ ਦੇਵੇ ਅਰ ਇਕ ਛੋਟੇ ਬਾਲਕ ਦੀ ਨਿਆਈਂ ਬਨ ਜਾਵੇ। ਭਰਮੀ ਤੇ ਵਹਿਮੀ ਖਿਆਲ ਅੜੇ ਨਿਸਚੇ ਅਸਲੀ ਸਿਆਣਪ ਦੇ ਪ੍ਰਾਪਤ ਕਰਨ ਵਿਖੇ ਸਦੀਵਕਾਲ ਵਿਘਨੀ ਹੁੰਦੇ ਹਨ, ਖੁਦਪਸੰਦੀ ਵਾਲੀਆਂ ਹੋਛੀਆਂ ਰਾਵਾਂ ਆਪਣੇ ਕਰਤੱਬਾਂ ਵਿਚ ਸਦਾ ਹੀ ਘਾਤਕ ਹੁੰਦੀਆਂ ਹਨ, ਏਹਨਾਂ ਕਰਕੇ ਸਚਾਈ ਦੇ ਰਸਤੇ ਦਾ ਕਿਵਾੜ ਬੰਦ ਹੋ ਜਾਂਦਾ ਹੈ।

ਅਸੀ ਆਪਣੇ ਆਲੇ ਦੁਆਲੇ ਮਜ਼ਹਬੀ ਦੁਨੀਆਂ ਵਿਚ ਸਾਂਇੰਸ (ਵਿਗਿਆਨਕ) ਮੰਡਲ ਵਿਖੇ ਅਰ ਮੁਲਕੀ ਪ੍ਰਬੰਧ ਸੰਬੰਧੀ ਅਤੇ ਭਾਈਚਾਰਕ ਸੁਧਾਰ ਸੰਬੰਧੀ ਘੇਰਿਆਂ ਵਿਚ ਅਜਿਹੇ ਲੋਕ ਵੇਖਦੇ ਹਾਂ ਜੋ ਅਕਲੀ ਘੁਮੰਡ ਦੇ ਕਾਰਨ ਅਪਣੀ ਹੀ ਖ਼ੁਦਪਸੰਦੀ ਅਤੇ ਪੱਖਪਾਤ ਦੇ ਖਿਆਲਾਂ ਵਿਚ ਏਨੇਂ ਲੀਨ ਹਨ ਕਿ ਓਹ ਸਚਾਈ ਦੀਆਂ ਬੜੀਆਂ ਬੜੀਆਂ ਤੇ ਚਿਰ ਕਾਲ ਦੀਆਂ ਗੱਲਾਂ ਉੱਤੇ ਨਿਸਚਾ ਹੀ ਨਹੀਂ ਕਰਦੇ ਅਰ ਆਪਣੇ ਸੁਭਾਉ ਵਿਖੇ ਉੱਨਤੀ ਅਰ ਸੁਤੰਤ੍ਰਤਾ ਪ੍ਰਾਪਤ ਕਰਨ ਦੀ ਥਾਂ ਓਹ ਏਥੋਂ ਤਕ ਹੋਛੇ ਅਤੇ ਨੀਚ ਖਯਾਲਾਂ ਵਾਲੇ ਹੋ ਜਾਂਦੇ ਹਨ ਕਿ ਸਚਾਈ ਓਹਨਾਂ ਦੇ ਦਿਲਾਂ ਅੰਦਰ ਆ ਹੀ ਨਹੀਂ ਸਕਦੀ। ਇਹ ਲੋਕ ਸੰਸਾਰਕ ਤ੍ਰੱਕੀ ਵਿਖੇ ਸਰਗਰਮੀ ਨਾਲ (ਅਮਲੀ ਤੌਰ ਤੇ) ਸਹਾ-ਇਤਾ ਦੇਣ ਦੀ ਥਾਂ ਰਾਹ ਵਿਚ ਲੱਕੜੀਆਂ ਦੇ ਖੁੰਘਾਂ ਦੀ ਨਿਆਈਂ ਹਨ, ਜੋ ਤ੍ਰੱਕੀ ਦੇ ਪਹੀਆਂ ਨੂੰ ਟੁਰਨ ਤੋਂ ਰੋਕ

ਦੇਂਦੇ ਹਨ, ਪਰ ਇਹ ਲੋਕ ਸੰਸਾਰਕ ਤੱਕੀ ਨੂੰ ਬੰਦ ਨਹੀਂ ਕਰ ਸਕਦੇ, ਹੌਲੀ ਹੌਲੀ ਕੁਚਲੀਦੇ ਜਾਂਦੇ ਹਨ ਅਰ ਨਿਰਹੌਂਸਲਾ ਹੋਕੇ ਪਿੱਛੇ ਰਹ ਜਾਂਦੇ ਹਨ ਅਰ ਈਸ਼੍ਵਰੀ ਸਚਾਈ ਦਾ ਫਤੇ ਵੰਦ ਹੱਥ ਦ੍ਰਿੜ੍ਹਤਾ ਨਾਲ ਬਰਾਬਰ ਅੱਗੇ ਨੂੰ ਵਧਦਾ ਜਾਂਦਾ ਹੈ।

ਜਦੋਂ ਕਿ ਸਟੀਮ ਇੰਜਨ ਦੀ ਅਜੇ ਪ੍ਰੀਖਿਆ ਕੀਤੀ ਜਾ ਰਹੀ ਸੀ ਅਰ ਅਜੇ ਓਹ ਏਨਾਂ ਪੂਰਨ ਨਹੀਂ ਹੋਇਆ ਸੀ ਕਿ ਅਮਲੀ ਤੌਰ ਤੇ ਕੰਮ ਵਿਚ ਆਵੇ, ਤਾਂ ਇਕ ਪ੍ਰਸਿੱਧ ਅੰਗ੍ਰੇਜ਼ ਨੇ ਜੋ ਵਿਗਿਆਨੀ ਪੁਰਸ਼ਾਂ ਵਿਖੇ ਪ੍ਰਤਿਸ਼ਟਤ ਸੀ, ਇਕ ਵੱਡਾ ਲੰਮਾ ਚੌੜਾ ਰਸਾਲਾ ਲਿਖਿਆ ਅਰ ਉਸ ਵਿਖੇ ਸਿੱਧ ਕੀਤਾ ਕਿ ਇਹ ਉੱਕਾ ਹੀ ਅਸੰਭਵ ਹੈ ਕਿ ਸਟੀਮ ਇੰਜਨ ਕਦੀ ਸਮੁੰਦ੍ਰ ਤੇ ਚਲ ਸਕੇ ਅਰ ਉਸਨੂੰ ਪਾਰ ਕਰ ਸਕੇ, ਕਿਉਂਕਿ ਇਹ ਕਦਾ-ਚਿੱਤ ਹੋ ਨਹੀਂ ਸਕਦਾ ਕਿ ਕੋਈ ਸਟੀਮਰ ਜਹਾਜ਼ ਆਪਣੀ ਭੱਠੀ ਵਿਚ ਵਰਤਨ ਲਈ ਯੋਗ ਤੇ ਪੂਰਾ ਕੋਲਾ ਲਿਜਾ ਸਕੇ ਅਰ ਉਸ ਸਾਰੇ ਵਿਰਤਾਂਤ ਵਿਖੇ ਸੁੰਦਰ ਕਹਾਣੀ ਇਹ ਹੈ ਕਿ ਉਸ ਮੇਹਨਤ ਤੇ ਹੁਸ਼ਿਆਰੀ ਨਾਲ ਤਿਆਰ ਕੀਤੇ ਰਸਾਲੇ ਦੀ ਪੈਹਲੀ ਵਾਰ ਦੀ ਛਪਾਈ ਦੀਆਂ ਕੁਝ ਪੁਸਤਕਾਂ ਉਸ ਅਗਨ ਬੋਟ ਵਿਚ ਸਨ, ਜਿਸਨੇ ਸਭ ਤੋਂ ਪੈਹਲੀ ਵਾਰੀ ਇੰਗਲਸਤਾਨ ਤੋਂ ਅਮਰੀਕਾ ਦਾ ਸਫ਼ਰ ਕੀਤਾ, ਉਸ ਰਸਾਲੇ ਦੀ ਕੇਵਲ ਇੱਕੋ ਹੀ ਅਡੀਸ਼ਨ ਸੀ, ਹੁਣ ਤਾਂ ਬਹੁਤ ਅਡੀਸ਼ਨਾਂ ਵਿਕ ਸਕਦੀਆਂ ਹਨ।

ਸੱਚ ਮੁਚ ਇਹ ਇਕ ਅਸਚਰਜ ਕਥਾ ਹੈ, ਪਰ

ਓਹ ਪੁਰਸ਼ ਅਤੀ ਹੀ ਅਚਰਜ ਹੈ ਜੋ ਜਾਨ ਬੁੱਝਕੇ ਆਪਣੇ ਆਪ ਨੂੰ ਸਚਾਈ ਦੇ ਰਸਤੇ ਤੋਂ ਦੂਰ ਰੱਖਦਾ ਹੈ, ਕਿਉਂਕਿ ਸਚਾਈ ਬਨਾਵਟੀ ਪੱਖਪਾਤ ਜਾਂ ਕੁਝਕੁ ਲੋਕਾਂ ਦੇ ਨੀਯਤ ਕੀਤੇ ਹੋਏ ਵਸੀਲਿਆਂ ਤੋਂ ਪ੍ਰਾਪਤ ਨਹੀਂ ਹੁੰਦੀ, ਜਾਂ ਇਹ ਭੀ ਸੰਭਵ ਹੈ ਕਿ ਸੁਤੰਤ੍ਰਤਾ ਨੀਯਤ ਕੀਤੇ ਹੋਏ ਰਵਾਜਾਂ ਜਾਂ ਵਿਸਵਾਸਾਂ ਦੇ ਪੂਰੀ ਪੂਰੀ ਅਨੁਸਾਰ ਨਾਂ ਹੋਵੇ, ਜਾਂ ਓਹਨਾਂ ਦੇ ਵਿਰੁਧ ਹੋਵੇ, ਉਲਟ ਉਸਦੇ "ਤੁਹਾਡੀ ਆਤਮਾਂ ਵਿਚ ਬਹੁਤ ਸਾਰੀਆਂ ਖਿੜਕੀਆਂ ਖੁੱਲ੍ਹੀਆਂ ਹੋਣੀਆਂ ਚਾਹੀਦੀਆਂ ਹਨ, ਇਸ ਕਰਕੇ ਕਿ ਸਾਰੀ ਸ੍ਰਿਸ਼ਟੀ ਦੀ ਰੌਸ਼ਨੀ ਉਸਦੇ ਅੰਦਰ ਪ੍ਰਵਿਰਤ ਹੋਕੇ ਉਸਨੂੰ ਸੁਭਾਇਮਾਨ ਬਨਾ ਦੇਵੇ, ਅਰ ਜੇ ਤੁਹਾੜੇ ਅੰਦਰ ਇਕ ਖਾਸ ਭਾਂਤ ਦਾ ਵਿਸਵਾਸ ਭਰਿਆ ਹੋਇਆ ਹੈ ਤਾਂ ਉਸ ਵਿਖੇ ਭਿੰਨ ਭਿੰਨ ਸ੍ਰੋਤਿਆਂ ਵਿਚੋਂ ਪ੍ਰਕਾਸ਼ ਆਉਣ ਦੀ ਗੁੰਜਾਇਸ਼ ਨਹੀਂ ਹੈ। ਝੂਠੇ ਵੈਹਮਾਂ ਦੇ ਪਰਦਿਆਂ ਨੂੰ ਫਾੜ ਦਿਓ ਅਰ ਸੁੰਦਰ ਖੁਲ੍ਹੀਆਂ ਅਤੇ ਉਸਦੀਆਂ ਖਿੜਕੀਆਂ ਦੁਆਰਾ ਚਾਨਣਾ ਆਉਣ ਦਿਓ, ਅਰਥਾਤ ਇਹ ਖਿੜਕੀਆਂ ਸਚਾਈ ਵਾਂਗ ਖੁਲ੍ਹੀਆਂ ਹਨ ਅਰ ਸੁਰਗ ਦੀ ਨਿਆਈਂ ਉੱਚੀਆਂ ਹੋਨ, ਆਪਣੇ ਕੰਨ ਸਤਾਰਿਆਂ ਦੇ ਸਾਰੇ ਰੱਬੀ ਬਾਜਿਆਂ ਤੇ ਅਰ ਕੁਦਰਤ ਦੀ ਅਵਾਜ਼ ਤੇ ਲਾ ਲਵੋ, ਤਾਂ ਤੁਹਾਡਾ ਦਿਲ ਨੇਕੀ ਅਤੇ ਸਚਾਈ ਵਲ ਝੁਕੇਗਾ, ਜਿਸਤਰਾਂ ਕਿ ਸੂਰਜ ਮੁਖੀ ਫੁਲ ਸੂਰਜ ਵਲ ਝੁਕਦਾ ਹੈ ਅਰ ਉਸਦੀ ਰੌਸ਼ਨੀ ਨਾਲ ਵਧਦਾ ਫੁਲਦਾ ਹੈ। ਹਜ਼ਾਰਾਂ ਅਦ੍ਰਿਸ਼ਜ ਆਤਮਾਂ ਤੁਹਾਡੀ ਇਸ ਗੱਲ ਵਿਚ ਮੱਦਦ ਕਰਨ ਲਈ ਤਿਆਰ ਹਨ ਕਿ

ਤੁਸੀ ਉੱਤਮ ਆਦਰਸ਼ ਅਤੇ ਸ਼ਾਂਤੀ ਪ੍ਰਾਪਤ ਕਰੋ ਅਤੇ ਅੰਤਰਿੱਖ (ਅਸਮਾਨ) ਦੀਆਂ ਸਾਰੀਆਂ ਸ਼ਕਤੀਆਂ ਤੁਹਾਡੇ ਇਰਾਦਿਆਂ ਨੂੰ ਪੁਸ਼ਟੀ ਦੇਣਗੀਆਂ, ਪੂਰਨ ਸਚਿਆਈ (ਸਤ ਗਿਆਨ) ਨੂੰ ਗ੍ਰਹਣ ਕਰਨਵਾਸਤੇ ਅਰ ਅਪੂਰਨ ਸਚਾਈ ਨੂੰ ਛੱਡਨ ਵਾਸਤੇ ਡਰੋ ਮੂਲੋਂ ਹੀ ਨਾਂ"

ਸਚਾਈ ਦੇ ਪਵਿਤ੍ਰ ਹੋਨ ਸੰਬੰਧੀ ਇਕ ਵੱਡਾ ਨਿਯਮ ਹੈ, ਓਹ ਨਿਯਮ ਇਹ ਹੈ ਕਿ ਜਦੋਂ ਕੋਈ ਮਰਦ ਜਾਂ ਤ੍ਰੀਮਤ ਆਪਣੇ ਅਕਲੀ ਘੁਮੰਡ, ਮਨ ਮੰਨੀਆਂ ਰਾਵਾਂ ਅਤੇ ਭਰਮੀ ਖਿਆਲਾਂ, ਜਾਂ ਹੋਰ ਕਿਸੇ ਕਾਰਨ ਕਰਕੇ ਸਚਾਈ ਨੂੰ ਆਪਣੇ ਅੰਦਰ ਦਾਖਲ ਨਹੀਂ ਹੋਨ ਦੇਂਦਾ ਤਾਂ ਇਕ ਵੱਡਾ ਕਾਨੂਨ ਹੈ, ਜਿਸਦਾ ਭਾਵ ਇਹ ਹੈ ਕਿ ਫੇਰ ਅਜੇਹੇ ਪੁਰਸ਼ ਨੂੰ ਪੂਰੀ ਪੂਰੀ ਸਚਾਈ ਕਿਸੇ ਹੋਰ ਵਸੀਲੇ ਤੋਂ ਪ੍ਰਾਪਤ ਹੀ ਨਹੀਂ ਹੋ ਸਕਦੀ। ਉਲਟ ਇਸਦੇ ਜਦੋਂ ਕੋਈ ਪੁਰਸ਼ ਰਾਸਤੀ (ਸਚਾਈ) ਨੂੰ ਖੁੱਲਮਖੁੱਲਾ ਆਪਣੇ ਅੰਦ੍ਰ ਆਉਣ ਦੇਂਦਾ ਹੈ, ਚਾਹੇ ਓਹ ਸਚਾਈ ਕਿਧਰੋਂ ਆਵੇ, ਤਦ ਭੀ ਇਕ ਅਜਿਹਾ ਹੀ ਵੱਡਾ ਕਾਨੂਨ ਹੈ, ਜੋ ਏਹ ਕਹਿੰਦਾ ਹੈ ਕਿ ਅਜਿਹੇ ਪੁਰਸ਼ ਨੂੰ ਰਾਸਤੀ ਸਭਨਾਂ ਪਾਸਿਆਂ ਤੋਂ ਅਰ ਸਾਰੇ ਵਸੀਲਿਆਂ ਤੋਂ ਪ੍ਰਾਪਤ ਹੋਵੇਗੀ, ਅਜਿਹੇ ਮਰਦ ਜਾਂ ਤ੍ਰੀਮਤ ਨੂੰ ਸੁਤੰਤ੍ਰਤਾ ਪ੍ਰਾਪਤ ਹੋ ਜਾਂਦੀ ਹੈ, ਕਿਉਂਕਿ ਰਾਸਤੀ ਤੋਂ ਹੀ ਸਾਨੂੰ ਸੁਤੰਤ੍ਰਤਾ ਲੱਭਦੀ ਹੈ। ਦੂਜਾ ਪੁਰਸ਼ ਗੁਲਾਮੀ ਦੀ ਹਾਲਤ ਵਿਚ ਜਕੜਿਆ ਪਿਆ ਹੈ, ਕਿਉਂਕਿ ਉਸਨੇ ਰਾਸਤੀ ਵਲ ਧਿਆਨ ਹੀ ਨਹੀਂ ਕੀਤਾ, ਅਰ ਜਿੱਥੇ ਰਾਸਤੀ ਦੀ ਕਦਰ ਨਹੀਂ, ਉੱਥੇ ਰਾਸਤੀ ਆਵੇਗੀ ਹੀ ਨਹੀਂ। ਜਿੱਥੇ ਰਾਸਤੀ ਦਾ ਦਖ਼ਲ

ਨਹੀਂ, ਉੱਥੇ ਚੰਗੇ ਚੰਗੇ ਪਦਾਰਥ ਭੀ ਜੋ ਰਾਸਤੀ ਦੇ ਸਾਥੀ ਹਨ ਨਹੀਂ ਲੱਭ ਸਕਦੇ। ਉਲਟ ਇਸਦੇ ਏਸ ਹਾਲਤ ਵਿਚ ਅਰਥਾਤ ਜਿੱਥੇ ਸਚਾਈ ਨਹੀਂ ਹੈ, ਇਕ ਦੂਤ (ਏਲਚੀ) ਆਉਂਦਾ ਹੈ ਜੋ ਆਪਣੇ ਨਾਲ ਸ਼ਰੀਰਕ ਆਤਮਕ ਅਤੇ ਮਾਨਸਿਕ ਰੋਗ ਅਤੇ ਮੌਤ ਲਿਆਉਂਦਾ ਹੈ, ਜੋ ਪੁਰਸ਼ ਦੂਜੇ ਪੁਰਸ਼ ਨੂੰ ਬੇਦਰੇਗ ਅਤੇ ਸੁਤੰਤ੍ਰਤਾ ਨਾਲ ਸਚਾਈ (ਸਤ ਗਿਆਨ) ਦੀ ਭਾਲ ਨਹੀਂ ਕਰਨ ਦੇਂਦਾ, ਅਰ ਜੋ ਆਪਣੇ ਆਪ ਨੂੰ ਦੂਜੇ ਵਾਸਤੇ ਸਤ ਗਿਆਨ ਦਾ ਟੀਕਾਕਾਰ ਅਤੇ ਉਲਥਾਕਾਰ (ਸਿਖਜਕ) ਬਣਨਾ ਚਾਹੁੰਦਾ ਹੈ, ਇਸ ਕਰਕੇ ਕਿ ਓਹ ਉਸਦੇ ਹੀ ਵਸੀਲੇ ਸਚਾਈ ਪ੍ਰਾਪਤ ਕਰੇ ਅਰ ਆਪਣੇ ਆਪ ਸਚਾਈ ਦੇ ਮਲੂਮ ਕਰਨ ਦਾ ਜਤਨ ਨਾਂ ਕਰੇ, ਅਜੇਹੇ ਪੁਰਸ਼ ਕੋਲੋਂ ਪ੍ਰਹੇਜ਼ ਕਰਨਾ ਹੀ ਯੋਗ ਹੈ, ਕਿਉਂਕਿ ਏਹ ਇਕ ਚੋਰ ਜਾਂ ਡਾਕੂ ਵਤ ਹੈ। ਇਹ ਪੁਰਸ਼ ਬੜਾ ਭਾਰੀ ਨੁਕਸਾਨ ਪੁਚਾਂਦਾ ਹੈ, ਕਿਉਂਕਿ ਇਹ ਦੂਜੇ ਪੁਰਸ਼ ਦੇ ਜੀਵਨ ਨੂੰ ਪ੍ਰਤੱਖ ਅਤੇ ਕਤੱਈ ਨੁਕਸਾਨ ਪੁਚਾ ਰਿਹਾ ਹੈ।

ਕੌਣ ਅਜਿਹਾ ਪੁਰਸ਼ ਹੈ ਜਿਸਨੇ ਕਿਸੇ ਮਨੁਸ਼ ਨੂੰ ਚਾਹੇ ਓਹ ਕੋਈ ਹੀ ਹੋਵੇ, ਜੈਹਾ ਕਿ ਪ੍ਰਮਾਤਮਾਂ ਦੀ ਬੇਅੰਤ ਸਚਾਈ ਦਾ ਰਾਖਾ ਖਜਾਨਚੀ ਅਤੇ ਬਖਸ਼ਣ ਵਾਲਾ ਹੋਵੇ? ਹਾਂ ਬਹੁਤ ਸਾਰੇ ਪੁਰਸ਼ਾਂ ਨੂੰ ਇਸਤਰਾਂ ਦੀ ਪ੍ਰੇਰਨਾਂ ਹੁੰਦੀ ਹ ਅਰ ਇਸ ਵਾਸਤੇ ਓਹਨਾਂ ਨੂੰ ਸਚਾਈ ਦੇ ਸਿੱਖਿਆ ਦਾਤਾ ਆਖਦੇ ਹਨ, ਪਰ ਅਸਲੀ ਉਪਦੇਸ਼ਕ ਦੂਜਿਆਂ ਵਾਸਤੇ ਸਚਾਈ ਦਾ ਟੀਕਾ ਕਾਰ ਹੋਣਾ ਪਸੰਦ ਨਹੀਂ ਕਰੇਗਾ। ਅਸਲੀ ਉਪਦੇਸ਼ਕ ਉਹੀ ਹੈ ਜੋ ਏਸ

ਗੱਲ ਦਾ ਯਤਨ ਕਰਦਾ ਹੈ ਕਿ ਦੂਜੇ ਪੁਰਸ਼ ਨੂੰ ਉਸਦੇ ਅਸਲੀ ਸਰੂਪ ਅਰ ਉਸਦੀਆਂ ਅੰਦ੍ਰਲੀਆਂ ਸ਼ਕਤੀਆਂ ਥੀਂ ਉਸਨੂੰ ਜਾਣੂੰ ਕਰ ਦੇਵੇ, ਤਾਕਿ ਓਹ ਆਪ ਸਚਾਈ ਨੂੰ ਸਮਝਣ ਲੱਗ ਪਵੇ। ਇਸਤੋਂ ਛੁੱਟ ਹੋਰ ਸਾਰੇ ਪੁਰਸ਼ਾਂ ਨੂੰ ਆਪਣੇ ਆਪਦੀਆਂ ਲੋੜਾਂ ਜਾਂ ਲਾਲਚ, ਜਾਂ ਸ੍ਵੈ ਲਾਭ ਹੀ ਪ੍ਰਧਾਨ ਹੁੰਦਾ ਹੈ। ਇਸਤੋਂ ਭੀ ਹੋਰ ਜੋ ਪੁਰਸ਼ ਇਸ ਗੱਲ ਦਾ ਦਾਵ੍ਹਾ ਕਰਦਾ ਹੈ ਕਿ ਮੇਰੇ ਅੰਦ੍ਰ ਪੂਰਨ ਸਚਾਈ ਮੌਜੂਦ ਹੈ ਅਰ ਜੋ ਕੁਝ ਮੇਰੇ ਅੰਦਰ ਹੈ, ਉਹੀ ਠੀਕ ਠੀਕ ਸਚਾਈ ਹੈ, ਬਾਕੀ ਸਭ ਅਸੱਤ ਹੈ, ਅਜਿਹਾ ਪੁਰਸ਼ ਪੱਖਪਾਤ ਦਾ ਭਰਿਆ ਹੋਇਆ ਮੂੜ੍ਹ ਅਤੇ ਸ਼ਰਾਰਤੀ ਹੈ।

ਇਕ ਸਿਖ੍ਯਾ ਭਰੀ ਪੁਸਤਕਵਿਖੇ ਇਕ ਡੱਡੂ ਦੀ ਕਹਾਣੀ ਮਸ਼ਹੂਰ ਹੈ: "ਇਹ ਡੱਡੂ ਇਕ ਖੂਹਵਿਚ ਰਹਿੰਦਾ ਸੀ ਅਰ ਆਪਣੇ ਛੋਟੇ ਜਿਹੇ ਖੂਹ ਤੋਂ ਕਦੀ ਬਾਹਰ ਨਹੀਂ ਗਿਆ ਸੀ, ਇਕ ਦਿਨ ਇਕ ਹੋਰ ਡੱਡੂ ਜ਼ਿਸਦਾ ਘਰ ਸਮੁੰਦ੍ਰ ਵਿਚ ਸੀ ਉਸਦੇ ਖੂਹ ਪਾਸ ਆਇਆ, ਸਾਰੀਆਂ ਚੀਜ਼ਾਂ ਦੇ ਵੇਖਣ ਨਾਲ ਬੜਾ ਹੀ ਪ੍ਰਸੰਨ ਹੋਇਆ ਅਰ ਅੰਦਰ ਗਿਆ। ਖੂਹ ਵਾਲੇ ਡੱਡੂ ਨੇ ਆਖਿਆ: "ਤੁਸੀ ਕੌਣ ਹੋ ਅਰ ਕਿੱਥੇ ਰਹਿੰਦੇ ਹੋ?" ਮੈਂ ਫਲਾਣਾ ਹਾਂ ਅਰ ਮੇਰਾ ਘਰ ਸਮੁੰਦ੍ਰ ਵਿਖੇ ਹੈ। "ਹੈਂ ਸਮੁੰਦ੍ਰ! ਓਹ ਕੀ ਚੀਜ਼ ਹੈ ਅਰ ਕਿੱਥੇ ਹੁੰਦਾ ਹੈਂ?" ਓਹ ਪਾਣੀ ਦਾ ਇਕ ਬਹੁਤ ਬੜਾ ਡੱਲ ਹੈਂ ਅਰ ਬਹੁਤ ਦੂਰ ਨਹੀਂ ਹੈ। "ਤੁਹਾਡਾ ਸਮੁੰਦ੍ਰ ਕਿੰਨਾ ਕੁ ਵੱਡਾ ਹੈ?" ਓਹ ਤਾਂ ਬਹੁਤ ਵੱਡਾ ਹੈ। ਇਕ ਛੋਟੇ ਜਿਹੇ ਪੱਥਰ ਵਲ ਜੋ ਕੋਲ ਹੀ

ਪਿਆ ਸਾ, ਸੈਨਤ ਕਰਕੇ ਆਖਿਆ ਕਿ ਕੀ ਏਨਾਂ ਵੱਡਾ ਹੈ?"ਨਹੀਂ ਬਹੁਤ ਵੱਡਾ ਹੈ।"ਉਸ ਫੱਟੇ ਵਲ ਜਿਸ ਉੱਤੇ ਓਹ ਬੈਠੇ ਸਨ, ਸੈਨਤ ਕਰਕੇ ਕਿਹਾ, ਕਿ ਕੀ ਏਨਾਂ ਵਡਾ ਹੈ? "ਨਹੀਂ ਬਹੁਤ ਹੀ ਵੱਡਾ।" "ਤਾਂ ਹੋਰ ਦੱਸ ਕਿੰਨਾਕੁ ਵੱਡਾ ਹੈ? ਉਸਨੇ ਕਿਹਾ ਕਿ "ਜਿਸ ਸਮੁੰਦ੍ਰ ਵਿਚ ਮੈਂ ਰਹਿੰਦਾ ਹਾਂ, ਓਹ ਤੁਹਾਡੇ ਸਾਰੇ ਖੂਹ ਨਾਲੋਂ ਵੱਡਾ ਹੈ, ਤੁਹਾਡੇ ਖੂਹ ਵਰਗੇ ਉਸ ਵਿਚੋਂ ਲੱਖਾਂ ਖੂਹ ਬਣਦੇ ਹਨ।" ਖੂਹ ਦਾ ਡੱਡੂ ਬੋਲਿਆ ਕਿ ਓਇ ਪਾਜੀ! ਤੂੰ ਬੇਅਰਥ ਬਕਵਾਸ ਕਰਦਾ ਹੈਂ ਅਰ ਤੂੰ ਧੋਖੇ ਬਾਜ਼ ਅਤੇ ਝੂਠਾ ਹੈਂ, ਮੇਰੇ ਖੂਹ ਥੀਂ ਬਾਹਰ ਹੋ ਜਾਹ, ਮੈਂ ਤੇਰੇ ਵਰਗੇ ਡੱਡੂਆਂ ਨਾਲ ਗੱਲ ਤਕ ਕਰਨੀ ਨਹੀਂ ਚਾਹੁੰਦਾ।

ਮਹਾਂ ਪੁਰਸ਼ਾਂ ਨੇ ਆਖਿਆ ਹੈ:"ਕਿ ਤੁਸੀ ਸਚਾਈ ਪ੍ਰਾਪਤ ਕਰੋਗੇ ਅਰ ਇਹ ਸਚਾਈ ਤੁਹਾਨੂੰ ਸੁਤੰਤ੍ਰ ਕਰੇਗੀ" ਜੇ ਤੁਸੀ ਸਚਾਈ ਵਲੋਂ ਰੁਕੇ ਰਹੋਗੇ ਤਾਂ ਤੁਸੀ ਆਪਣੇ ਹੀ ਖੁਦੀ ਦੇ ਖਿਆਲਾਂ ਵਿਚ ਜੀਵਨ ਬਤੀਤ ਕਰੋਗੇ ਅਰ ਤੁਹਾਡੀਆਂ ਖੁਦ ਪਸੰਦੀਆਂ ਤੁਹਾਨੂੰ ਬੇਅਕਲ ਤੇ ਪਾਗਲ ਬਨਾ ਦੇਣਗੀਆਂ। ਇਹ ਕਥਨ ਬਹੁਤ ਸਾਰੇ ਪੁਰਸ਼ਾਂ ਤੇ ਵਾਪਰ ਸਕਦਾ ਹੈ, ਜੋ ਕਿ ਆਪਣੀ ਉੱਚ ਦਰਜੇ ਦੀ ਸਿਆਣਪ ਅਤੇ ਯੋਗਤਾ ਤੇ ਮਾਨ ਕਰਦੇ ਹਨ, ਜਦੋਂ ਮਾਨਸਕ ਤ੍ਰੱਕੀ ਰੁਕ ਜਾਂਦੀ ਹੈ ਤਾਂ ਓਹ ਸੁਦਾਈ ਪੁਣੇਂ ਦੀ ਦਸ਼ਾ ਹੋ ਜਾਂਦੀ ਹੈ। ਜੋ ਪੁਰਸ਼ ਕਿਸੇ ਨਾਂ ਕਿਸੇ ਕਾਰਨ ਕਰਕੇ ਸਚਾਈ ਨੂੰ ਆਪਣੇ ਅੰਦਰ ਆਉਣ ਨਹੀਂ ਦੇਂਦਾ ਅਰ ਇਸੇ ਵਾਸਤੇ ਵਾਧੇ ਨੂੰ ਭੀ। ਓਹ ਇਕ ਤਰਾਂ ਦੀ ਸੁਦਾਈ ਹਾਲਤ ਵਿਚ ਹੋ ਜਾਂਦਾ ਹੈ,ਭਾਵੇਂ ਉਸ ਹਾਲਤ ਨੂੰ

ਇਸ ਨਾਮ ਕਰਕੇ ਨਹੀਂ ਸੱਦਦੇ। ਉਲਟ ਇਸਦੇ ਇਕ ਹੋਰ ਤਰਾਂ ਦੀ ਜਕੜੀ ਹੋਈ ਤੁੱਕੀ ਓਹ ਹੈ ਜੋ ਇਸ ਕਰਕੇ ਪੈਦਾ ਹੁੰਦੀ ਹੈ ਕਿ ਸਾਰੀਆਂ ਗੱਲਾਂ ਨੂੰ ਆਪ ਸਹੀ ਕੀਤੇ ਬਿਨਾਂ ਹੀ ਮੰਨ ਲੀਤਾ ਜਾਵੇ, ਕੇਵਲ ਏਸ ਵਾਸਤੇ ਕਿ ਫਲਾਨਾ ਪੁਰਸ਼ ਆਖਦਾ ਹੈ, ਫਲਾਨੀ ਕਿਤਾਬ ਵਿਚ ਲਿਖਿਆ ਹੈ, ਜਾਂ ਇਕ ਖਾਸ ਮਸਲਾ ਹੈ। ਇਹ ਖਿਆਲ ਉਸ ਪੁਰਸ਼ ਵਿਚ ਪੈਦਾ ਹੁੰਦਾ ਹੈ, ਜੋ ਸਦਾ ਬਾਹਰ ਵੱਲ ਵੇਖਦਾ ਰਹਿੰਦਾ ਹੈ ਅਰ ਆਪਣੀ ਅੰਦ੍ਰਲੀ ਰੌਸ਼ਨੀ ਦੇ ਪਿੱਛੇ ਨਹੀਂ ਲੱਗਦਾ ਅਰ ਨਾਂ ਉਸਨੂੰ ਹੁਸ਼ਿਆਰੀ ਨਾਲ ਸੁਆਰਦਾ ਹੈ ਕਿ ਓਹ ਵਧੇਰੇ ਸਫਾਈ ਨਾਲ ਚਮਕੇ ਅਤੇ ਹਦਾਇਤ ਕਰੇ।

ਸਾਨੂੰ ਉਚਿੱਤ ਹੈ ਕਿ ਉਸ ਕਵੀਸ਼ਰ ਦੀ ਨਿਆਈਂ ਬਹਾਦਰ ਅਰ ਨਿਰਭੈ ਹੋਵੀਏ, ਜੋ ਇਹ ਆਖਦਾ ਹੈ :-

"ਵਹਮੀ ਸੜਕਾਂ, ਕੱਚੀਆਂ ਹੱਦਾਂ ਮੈਂ ਤਿਤ ਵੱਲ ਪੈਰ ਨ ਪਾਵਾਂ। ਅਪਨਾ ਮਾਲਕ ਆਪੇ ਹਾਂ ਮੈਂ ਜਿੱਥੇ ਚਾਹੂੰ ਜਾਵਾਂ। ਜੋ ਕੁਝ ਮੈਨੂੰ ਆਖਨ ਦੂਏ ਧਰ ਕੰਨ ਸੁਣਾਂ ਮਨ ਲਾਵਾਂ। ਸੋਚਾਂ, ਖੋਜਾਂ, ਭੇਦ ਨੂੰ ਲਖਕੇ ਸਹਜੇ ਧਿਆਨ ਲਗਾਵਾਂ। ਜੇ ਕੋਈ ਮੇਰਾ ਨਿਸਚਾ ਤੋੜੇ ਮੈਂ ਸ਼ਲ ਨਾਂ ਫੜਾਂ ਫੜਾਵਾਂ।"

"ਉਸ ਵੇਲੇ ਤੋਂ ਮੈਂ ਆਪਣੇ ਆਪ ਨੂੰ ਸਾਰੀਆਂ ਹੱਦਾਂ ਤੋਂ ਅਰ ਖ਼ਿਆਲੀ ਜੰਜੀਰਾਂ ਅਰ ਕੈਦ ਤੋਂ ਆਜ਼ਾਦ ਸਮਝਦਾ ਹਾਂ, ਜਿੱਥੇ ਮੇਰੀ ਇੱਛਾ ਹੋਵੇ ਉੱਥੇ ਜਾਂਦਾ ਹਾਂ, ਮੈਂ ਆਪਣੇ ਆਪ ਤੇ ਸੁਤੰਤ੍ਰ ਹਾਕਮ ਹਾਂ, ਦੂਜਿਆਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਦਾ ਸਮਝਦਾ ਹਾਂ ਅਰ

ਜੋ ਕੁਝ ਓਹ ਆਖਨ ਉਸ ਉੱਤੇ ਬੜੇ ਧਿਆਨ ਨਾਲ ਵਿਚਾਰ ਕਰਦਾ ਹਾਂ, ਆਪ ਵਿਚਾਰ ਸੋਚ ਤੋਂ ਕੰਮ ਲੈਂਦਾ ਹਾਂ, ਭਾਲ ਕਰਦਾ ਹਾਂ, ਕਬੂਲ ਕਰਦਾ ਹਾਂ ਅਰ ਨਿਗ੍ਹਾ ਵਿਚ ਰੱਖਦਾ ਹਾਂ, ਪਰ ਜੇ ਕੋਈ ਹੋਰ ਪੁਰਸ਼ ਮੈਨੂੰ ਆਪਣੇ ਥੋਥੇ ਖਯਾਲਾਂ ਦੀਆਂ ਜ਼ੰਜੀਰਾਂ ਵਿਚ ਬੰਨ੍ਹਣਾ ਚਾਹੁੰਦਾਹੈ,ਤਾਂ ਮੈਂ ਓਹਨਾਂ ਜ਼ੰਜੀਰਾਂ ਨੂੰ ਇਕ ਪਲਕਾਰੇ ਵਿਚ ਤੋੜ ਦੇਂਦਾ ਹਾਂ ਅਰ ਆਪ ਆਪਣੀ ਸਮਝ ਤੋਂ ਕੰਮ ਲੈਂਦਾ ਹਾਂ।"

ਬੜੀ ਖੁਸ਼ੀ ਦੀ ਗੱਲ ਹੈ ਕਿ ਪ੍ਰਮਾਤਮਾਂ ਦੇ ਬੇਅੰਤ ਸਚਾਈ ਦੇ ਗਿਆਨ ਜਾਂ ਆਤਮ ਵਿੱਦਿਆ ਦਾ ਦਰਵੱਜਾ ਸਭਨਾਂ ਲਈ ਖੁੱਲ੍ਹਾ ਹੋਇਆ ਹੈ ਅਰ ਸਾਰਿਆਂ ਵਾਸਤੇ ਇਕੋ ਜਿਹੇ ਤ੍ਰੀਕੇ ਨਾਲ ਖੁੱਲ੍ਹਾ ਹੋਇਆ ਹੈ ਅਰ ਹਰਇਕ ਪੁਰਸ਼ ਉੱਥ ਨਿਵਾਸ ਕਰ ਸਕਦਾ ਹੈ, ਜਿੰਨਾ ਕਿ ਓਹ ਸਿਰ ਸੁੱਟ ਮੇਹਨਤ ਅਤੇ ਦਿਲ ਨਾਲ ਉਸਦੇ ਪ੍ਰਾਪਤ ਕਰਨ ਦੀ ਇੱਛਾ ਕਰੇ ਅਰ ਆਪਣੇ ਆਪ ਨੂੰ ਉਸਦੇ ਅੰਦਰ ਜਾਣ ਦੇਵੇ।

ਉਸ ਸਿਆਣਪ ਦੇ ਬਾਰੇ ਵਿਚ ਜੋ ਸਾਨੂੰ ਨਿਤਾ-ਪ੍ਰਤ ਦੇ ਜੀਵਨ ਵਿਚ ਅਗਵਾਨੀ ਕਰਦੀ ਰਹਿੰਦੀ ਹੈ ਕੋਈ ਅਜੇਹੀ ਗੱਲ ਨਹੀਂ ਹੈ, ਜਿਸਦਾ ਜਾਨਨਾ ਸਾਡੇ ਵਾਸਤੇ ਯੋਗ ਅਰ ਹੱਛਾ ਹੋਵੇ, ਜਦੋਂ ਅਸੀ ਉਸ ਸਿਆ-ਣਪ ਦੀ ਪ੍ਰਾਪਤੀ ਦੇ ਨਿਯਮ ਨੂੰ ਪ੍ਰਵਾਨ ਕਰਦੇ ਹਾਂ ਅਰ ਉਸ ਕਾਨੂਨ ਦਾ ਵਰਤਾਉ ਸਿਆਂਣਪ ਨਾਲ ਕਰ ਸਕਦੇ ਹਾਂ।ਸਾਨੂੰ ਜਾਨਨਾ ਯੋਗ ਹੈ ਕਿ ਸਾਰੀਆਂ ਚੀਜ਼ਾਂ ਸਾਡੀਆਂ ਹੀ ਹਨ, ਜਿਉਂ ਹੀ ਅਸੀ ਜਾਨ ਲੈਂਦੇ ਹਾਂ ਕਿ ਕਿਸਤਰਾਂ ਏਹਨਾਂ ਦੀ ਕਦਰ ਕੀਤੀ ਜਾਵੇ।

"ਨੇਮ ਅਟੱਲ ਜਿਉਂ ਇਸ ਮੰਨਾਂ ਕੋਈ ਰੂਹ ਨ
ਜਿਸਤੋਂ ਵਲਕੇ। 'ਉਹ ਸ਼ਕਤੀ ਹੈ ਸਾਡੇ ਅੰਦਰ,
ਸਭ ਕੁਝ ਨਿਜ ਵਲ ਸਰਕੇ। ਇਸਨੂੰ ਜਾਨ ਪੁਰਾ-
ਈਏ ਲੋੜਾਂ, ਥੁੜੇ ਨ ਮੂਲੋਂ ਰਹੀਏ। ਹੱਕ ਬਿਸ਼ੱਕ
ਮਿਲੰਦਾ ਸਾਨੂੰ, ਓਹ ਨ ਕਿਸਤੋਂ ਖਿਸਕੇ।"

"ਮੈਂ ਉਸਨੂੰ ਇਕ ਅਟੱਲ ਕਾਨੂਨ ਮੰਨਦਾ ਹਾਂ ਅਰ ਜਿਸਤੋਂ ਕੋਈ ਆਤਮਾਂ ਇਨਕਾਰ ਨਹੀਂ ਕਰਸਕਦੀ ਕਿ ਸਾਡੇ ਅੰਦਰ ਓਹ ਚੀਜ਼ ਮੌਜੂਦ ਹੈ, ਜਿਸ ਦੁਆਰਾ ਜਿਸ ਚੀਜ਼ ਦੀ ਸਾਨੂੰ ਲੋੜ ਹੈ, ਜਾਂ ਜਿਸਦੇ ਅਸੀ ਬਹੁਤ ਸਾਰੇ ਹੱਕਦਾਰ ਹਾਂ,ਓਹ ਸਾਡੇ ਵਲ ਖਿੱਚੀ ਆਵੇਗੀ।

ਜੇ ਅਜਿਹਾ ਸਮਾਂ ਆ ਜਾਵੇ ਜਦੋਂ ਕਿ ਸਾਨੂੰ ਇਹ ਮਲੂਮ ਨਾਂ ਹੋਵੇ ਕਿ ਕੇਹੜਾ ਢੰਗ ਗ੍ਰੈਹਣ ਕਰੀਏ ਅਰ ਕੇਹੜੇ ਪਾਸੇ ਵਲ ਝੁਕ ਜਾਈਏ, ਤਾਂ ਇਸ ਵਿਚ ਸਾਡਾ ਹੀ ਕਸੂਰ ਹੈ, ਜੇ ਇਹ ਸਾਡਾ ਕਸੂਰ ਹੈ ਤਾਂ ਫੇਰ ਏਸ ਉਲਟੀ ਦਸ਼ਾ ਦਾ ਠੀਕ ਕਰਨਾ ਭੀ ਸਾਡੇ ਹੀ ਵੱਸ ਵਿਚ ਹੈ। ਜੇ ਅਸੀ ਸੁਚੇਤ ਹੋਈਏ ਤੇ ਆਪਣੇ ਅੰਦ੍ਰਲੇ ਪ੍ਰਕਾਸ਼ ਅਰ ਸ਼ਕਤੀਆਂ ਬਾਬਤ ਸਾਵਧਾਨ ਰਹੀਏ, ਤਾਂ ਸਾਨੂੰ ਅਜਿਹੀ ਦਸ਼ਾ ਵਿਚ ਆਉਨ ਦੀ ਐਸੀ ਕੋਈ ਲੋੜ ਭੀ ਨਹੀਂ ਹੈ, ਇਹ ਅੰਤ੍ਰੀਵੀ ਪ੍ਰਕਾਸ਼ ਸਦੀਵ ਪ੍ਰਕਾਸ਼ਤ ਰਹਿੰਦਾ ਹੈ। ਸਾਨੂੰ ਕੇਵਲ ਹੁਸ਼ਿਆਰੀ ਅਰ ਮੇਹਨਤ ਤੋਂ ਇਸ ਗੱਲ਼ ਦਾ ਖਿਆਲ ਰੱਖਣਾ ਜ਼ਰੂਰੀ ਹੈ ਕਿ ਅਸੀ ਹੋਰ ਕਿਸੇ ਸ਼ੈ ਨੂੰ ਆਪਣੇ ਅਤੇ ਉਸ ਰੌਸ਼ਨੀ ਦੇ ਵਿਚਕਾਰ ਰੁਕਾਵਟ ਨਾਂ ਹੋਨ ਦੇਵੀਏ। "ਤੇਰੇ ਨਾਲ ਹੀ ਜੀਵਨ ਦਾ

ਚਸ਼ਮਾਂ ਹੈ, ਤੇਰੇ ਹੀ ਨਾਲ ਪ੍ਰਕਾਸ਼ ਵਿਖੇ ਪ੍ਰਕਾਸ਼ ਵੇਖ ਸਕਦੇ ਹਾਂ।"

ਬਹੁਤ ਸਾਰੇ ਮਹਾਨ ਅਨਭਉ ਵਾਨ ਸੰਤਾਂ ਵਿਚੋਂ, ਜਿਨ੍ਹਾਂ ਨੂੰ ਮੈਂ ਕਦੀ ਜਾਨਦਾ ਸੀ, ਇਕ ਮਹਾਤਮਾਂ ਦਾ ਬਚਨ ਲਿਖਦਾ ਹਾਂ : ਉਸ ਪੁਰਸ਼ ਨੂੰ ਆਪਣੇ ਸ੍ਵੈ ਸਰੂਪ ਦੇ ਗਿਆਨ ਹੋਣ ਕਰਕੇ ਔਖੇ ਸਮੇਂ ਕਦੀ ਇਹ ਕਠਨਾਈ ਨਹੀਂ ਹੋਈ ਕਿ ਮੈਂ ਕੀ ਕਰਾਂ ਅਰ ਜੋ ਕਰਨਾ ਹੈ ਉਸਨੂੰ ਕਿਸਤਰਾਂ ਕਰਾਂ? "ਬਾਹਰਲੇ ਵਸੀਲਿਆਂ ਤੋਂ ਜਦੋਂ ਤੁਹਾਨੂੰ ਕੋਈ ਪੂਰਨ ਸਿਖਯਾ ਨਾਂ ਮਿਲ਼ੇ ਅਰ ਤੁਸੀ ਏਸ ਸੋਚ ਵਿਚਾਰ ਵਿਚ ਹੋਵੋ ਕਿ ਕੀ ਢੰਗ ਕੀਤਾ ਜਾਵੇ, ਤਾਂ ਅੰਤ੍ਰੀਵੀ ਨੇਤ੍ਰਾਂ ਨਾਲ ਵੇਖੋ ਅਰ ਅੰਦ੍ਰਲੇ ਕੰਨਾਂ ਨਾਲ ਸੁਣੋਂ, ਮਗਰ ਉਸ ਸਿੱਧੇ ਸਾਦੇ, ਕੁਦਰਤੀ ਅਰ ਸੋਹਣੇ ਅਮਲ ਨੂੰ ਜਾਰੀ ਰਹਨ ਦਿਓ ਅਰ ਉਸ ਵਿਖੇ ਸ਼ੱਕ ਸ਼ੁਬ੍ਹਾ ਰੰਚਕ ਭੀ ਨਾਂ ਹੋਵੇ। ਸਾਰੀਆਂ ਕਠਨਾਈਆਂ ਅਰ ਅਸਾਧਾਰਨ ਪਰੇਸ਼ਾਨੀ ਦੀ ਦਸ਼ਾ ਵਿਚ ਸਾਨੂੰ ਕੇਵਲ ਇਕ ਸਿੱਧੀ ਸਾਦੀ ਹਦਾਇਤ ਤੇ ਅਮਲ ਕਰਨ ਦੀ ਲੋੜ ਹੈ ਅਰ ਇਹ ਸਿਖਯਾ ਹੋਰ ਸਾਰੀਆਂ ਲੋੜ੍ਹਵੰਦੀਆਂ ਸਿਖਯਾ ਦੀ ਨਿਆਈਂ ਪਿਆਰੀ ਸੱਚੀ ਬਾਣੀਦੇ ਪੁਸਤਕਾਂ ਵਿਚੋਂ ਹੀ ਮਿਲ ਸਕਦੀ ਹੈ, ਜਿਸਨੂੰ ਬਹੁਤ ਸਾਰੇ ਲੋਕ ਪੜ੍ਹਦੇ ਤਾਂ ਹਨ, ਪਰ ਸ਼ੋਕ! ਕਿ ਉਸਨੂੰ ਸਮਝਨਵਾਲੇ ਬਹੁਤ ਥੋਹੜੇ ਹਨ। ਓਹ ਹਦਾਇਤ (ਸਿਖ੍ਯਾ) ਇਹ ਹੈ ਕਿ : "ਆਪਣੇ ਅੰਦ੍ਰਲੇ ਆਤਮ ਮੰਡਲ ਵਿਚ ਦਾਖਲ ਹੋ ਜਾਓ ਅਰ ਦਰਵੱਜੇ ਬੰਦ ਕਰਲਵੋ।" ਕੀਹ ਇਸਦੇ ਅਰਥ ਏਹ ਹਨ ਕਿ ਅਸੀ ਅਸਲ ਵਿਚ ਇਕ ਗੁਪਤ ਕੋਠੜੀ ਵਿਚ

ਜੰਦ੍ਰਾ ਮਾਰ ਕੇ ਬੈਹ ਜਾਈਏ ? ਜੇ ਇਸਦੇ ਇਹ ਅਰਥ ਹਨ ਤਾਂ ਉਸਦੇ ਹੁਕਮ ਦੀ ਤਾਮੀਲ ਖੁੱਲ੍ਹੇ ਮੈਦਾਨ ਵਿਚ ਅਰ ਸਮੁੰਦ੍ਰ ਤੇ ਨਹੀਂ ਹੋ ਸਕਦੀ, ਅਰ ਮਹਾਂ ਪੁਰਸ਼ਾਂ ਨੂੰ ਸ਼ਹਿਰ ਦੇ ਰਹਨ ਵਾਲੇ ਮਕਾਨਾਂ ਦੇ ਤੰਗ ਕਮਰਿਆਂ ਨਾਲ ਏਨਾਂ ਪਿਆਰ ਨਹੀਂ ਸੀ ਜਿੰਨਾ ਕਿ ਝੀਲਾਂ ਤੇ ਜੰਗਲਾਂ ਨਾਲ ਸੀ, ਫੇਰ ਭੀ ਓਹਨਾਂ ਦੀਆਂ ਸਿਖ੍ਯਾਂ ਏਨੇਂ ਦੂਰ ਤਾਈਂ ਪਸਰ ਗਈਆਂ ਕਿ ਸ੍ਰਿਸ਼ਟੀ ਤੇ ਨਾਂ ਤਾਂ ਕੋਈ ਅਜਿਹਾ ਅਸਥਾਨ ਹੈ ਅਰ ਨਾਂ ਕੋਈ ਅਜਿਹੀ ਸਾਡੀ ਦਸ਼ਾ ਹੈ, ਜਿੱਥਿ ਤੇ ਜਦੋਂ ਕਿ ਅਸੀ ਓਹਨਾਂ ਤੇ ਅਮਲ ਨਾਂ ਕਰ ਸਕਦੇ ਹੋਵੀਏ। "ਇਕ ਪੁਰਸ਼ ਦੀ ਗੱਲ ਹੈ ਜਿਸਨੂੰ ਕਿ ਅਕਾਸ਼ ਬਾਣੀ ਹੋਯਾ ਕਰਦੀ ਸੀ, ਇਹ ਪੁਰਸ਼ ਸ਼ੈਹਰ ਦੇ ਇਕ ਦਫਤਰ ਵਿਚ ਕਲਰਕ (ਮੁਨਸ਼ੀ) ਸੀ, ਜਿੱਥੇ ਹੋਰ ਬਹੁਤ ਸਾਰੇ ਕਲਰਕ ਕੰਮ ਕਰਦੇ ਰਹਿੰਦੇ ਸਨ ਅਰ ਵਸ਼ੇਸ਼ ਕਰਕੇ ਉੱਚੀ ਉੱਚੀ ਗੱਲਾਂ ਕਰਦੇ ਹੁੰਦੇ ਸਨ, ਇਹ ਆਪੇ ਵਿਚ ਅਡੋਲ ਤੇ ਭਰੋਸੇ ਵਾਲਾ ਪੁਰਸ਼ ਆਪਣੀ ਬਾਬਤ ਬਹੁਤ ਸਾਰੀਆਂ ਭਿੰਨ ਭਿੰਨ ਤੂਤੀਆਂ ਭੀਤੀਆਂ ਤੋਂ ਕੁਛ ਵੀ ਭੀ ਘਬਰਾਇਆ ਨਹੀਂ ਕਰਦਾ ਸੀ ਅਰ ਕਿਸੇ ਔਖੇ ਵੇਲੇ ਆਪਣੇ ਅੰਦਰ ਮਸਤ ਹੋਕੇ ਅਜੇਹ ਿਪੂਰੀ ਪੂਰੀ ਲੀਣ ਦਸ਼ਾ ਵਿਚ ਹੋ ਜਾਂਦਾ ਸੀ, ਮਾਨੋਂ ਓਹ ਆਪਣੇ ਆਤਮਿਕ ਮੰਡਲ ਵਿਚ ਪੂਰਾ ਪੂਰ ਗੁਪਤ ਹੋ ਗਿਆ ਹੈ ਅਰ, ਇਸੇ ਦੇ ਸਹਾਰੇ ਸਾਰੇ ਧਿਆਨਾ ਹਟਾਨ ਵਾਲੇ ਅਰ ਪ੍ਰੇਸ਼ਾਨ ਕਰਨ ਵਾਲੇ ਖਿਆਲਾਂ ਅਤੇ ਚੀਜ਼ਾਂ ਤੋਂ ਆਪਣੇ ਸੁਭਾਉ ਨੂੰ ਇਸਤਰਾਂ ਸਫਲਤਾ ਨਾਲ ਹਟਾ ਲੈਂਦਾ ਸੀ ਕਿ ਮਾਨੋਂ ਓਹ ਕਿਸੇ ਸੁੰਨਸਾਨ ਬਨ

ਵਿਚ ਇਕ ਅਕੱਲਾ ਬੈਠਾ ਹੋਇਆ ਹੈ। ਇਸ ਗੁੱਝੇ ਚੁੱਪ ਚਾਪ ਸਮੇਂ ਵਿਖੇ ਆਪਣੀ ਔਖਿਆਈ ਨੂੰ ਇਕ ਸਾਫ ਪਸ਼ਨ ਦੀ ਸੂਰਤ ਵਿਚ ਢਾਲ ਜਿਸਦਾ ਸੱਚਾ ਉੱਤਰ ਮਿਲਨ ਦੀ ਉਸਨੂੰ ਆਸ ਹੁੰਦੀ ਸੀ, ਓਹ ਤਦੋਂ ਤਾਈਂ ਆਪ ਉੱਕਾ ਹੀ ਚੁਪ ਚਾਪ ਹੋ ਜਾਂਦਾ ਸੀ, ਜਦੋਂ ਤਾਈਂ ਕਿ ਉਸਨੂੰ ਉਸ਼ ਸੁਆਲ ਦਾ ਜੁਆਬ ਨਾਂ ਮਿਲ ਜਾਵੇ ਅਰ ਬਹੁਤ ਸਾਰੇ ਸਾਲਾਂ ਦੀ ਪ੍ਰੀਖਿਆ ਵਿਖੇ ਅਜਿਹਾ ਇਕ ਵਾਰੀ ਭੀ ਨਹੀਂ ਹੋਇਆ ਕਿ ਉਸਨੂੰ ਉੱਤਰ ਨਾਂ ਮਿਲਿਆ ਹੋਵੇ, ਜਾਂ ਗਲਤ ਜੁਆਬ ਮਿਲਿਆ ਹੋਵੇ। ਸਚਿਆਈ ਦੀ ਅੰਤ੍ਰੀਵ ਪ੍ਰਤੀਤੀ ਅਸਾਡੀ ਨਿਤਾਪ੍ਰਤੀ ਦੀ ਭੁੱਖ ਨੂੰ ਰਜੌਨ ਵਾਲੀ ਸਾਡੀ ਰੋਜ਼ ਦੀ ਰੋਟੀ ਹੈ, ਇਹ ਸੱਤ ਗਿਆਨ ਅੰਮ੍ਰਿਤ ਦੀ ਨਿਆਈਂ ਜਾਂ ਅਮਰ ਫਲ ਵਤ ਹੈ ਜੋ ਹਰ ਰੋਜ਼ ਰੇਤੇਛਲਿਆਂ (ਮਾਰੂ ਥਲਾਂ) ਵਿਖੇ ਸਾਨੂੰ ਲੱਭਦਾ ਹੈ ਅਰ ਹਰ ਰੋਜ਼ ਸਾਨੂੰ ਏਨਾਂ ਸਾਮਾਨ ਮਿਲਦਾ ਹੈ ਕਿ ਓਹ ਉਸ ਦਿਹਾੜੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਮਰੱਥ ਹੈ, ਏਹਨਾਂ ਅੰਦਰਲੀਆਂ ਗੁੰਝਲਾਂ ਦੇ ਖੁੱਲ੍ਹਨ ਤੇ ਸਾਨੂੰ ਝਟ ਪਟ ਅਮਲ ਕਰਨਾ ਜ਼ਰੂਰੀ ਹੈ ਅਰ ਜੇ ਓਹਨਾਂ ਦੇ ਅਨੁਸਾਰ ਅਮਲ ਕਰਨ ਵਿਖੇ ਡੇਰੀ ਕੀਤੀ ਜਾਵੇ, ਤਾਂ ਫੇਰ ਇਹ ਭੇਤ ਛਪਨ ਹੋ ਜਾਂਦੇ ਹਨ ਅਰ ਠੀਕ ਇਲਹਾਮਾਂ ਦੀ ਥਾਂ ਗਲਤ ਅਤੇ ਭੁੱਲਕੜ ਖਿਆਲ ਦਿਲ ਵਿਖੇ ਆਉਣ ਲੱਗ ਪੈਂਦੇ ਹਨ ਅਰ ਇਹ ਖਿਆਲ ਸਚਾਈ ਅਤੇ ਨੇਕੀ ਦੇ ਲਿਹਾਜ਼ ਨਾਲ ਇਕ ਦੂਜੇ ਦੇ ਉਲਟ ਹੁੰਦੇ ਹਨ।

"ਬ੍ਰਹਮੰਡੀ ਨਿਯਮ ਵਿਖੇ ਇਕ ਸ਼ਰਤ ਦਾ ਪੂਰਾ

ਕਰਨਾ ਸਾਰਿਆਂ ਲਈ ਉਚਿੱਤ ਹੈ, ਅਰਥਾਤ ਰਾਸਤੀ (ਸਚਾਈ) ਦੇ ਜਾਨਣ ਦੀ ਇੱਛਾ ਤੋਂ ਬਿਨਾਂ ਹੋਰ ਸਾਰੀਆਂ ਖ਼ਾਹਸ਼ਾਂ ਨੂੰ ਦੂਰ ਕਰ ਦਿਓ ਅਰ ਉਸਦੇ ਨਾਲ ਇਹ ਪਵਿਤ੍ਰ ਇਰਾਦਾ ਪੱਕਾ ਕਰ ਲਵੋ ਕਿ ਜੋ ਸਚਾਈ ਰੱਬੀ ਇਲਹਾਮ ਦੁਆਰਾ ਸਾਫ਼ ਸਾਫ਼ ਮਲੂਮ ਹੋਵੇ, ਉਸਦੀ ਅਨੁਸਾਰਤਾ ਵਰਤੀ ਜਾਵੇ, ਕੇਵਲ ਰਾਸਤੀ ਦੀ ਇੱਛਾ ਵਿਖੇ ਪੂਰੇ ਪੂਰੇ ਲਿਵਲੀਨ ਰਹੋ ਅਤੇ ਹੋਰ ਕਿਸੇ ਇੱਛਾ ਨੂੰ ਆਉਨ ਹੀ ਨਾਂ ਦਿਓ, ਉਸ ਹੁਕਮ ਦੀ ਹੀ ਤਾਮੀਲ ਕਰੋ ਅਰ ਇਸ ਗੱਲ ਨੂੰ ਕਦਾਚਿੱਤ ਨਾਂ ਭੁਲੋ ਕਿ ਆਸ ਅਤੇ ਇੱਛਾ ਇਸਤ੍ਰੀ ਭਰਤਾ ਦੀ ਨਿਆਈਂ ਹਨ ਅਰ ਸਦੀਵ ਆਪੋ ਵਿਚ ਬਨਦੇ ਜੁੜਦੇ ਹਨ, ਅਰ ਤੁਸੀ ਵੇਖੋਗੇ ਕਿ ਤੁਹਾਡਾ ਰਸਤਾ ਜੋ ਹੁਣ ਤਾਈਂ ਹਨੇਰਾ ਸੀ ਅਸਮਾਨੀ ਕਿਰਨਾਂ ਦੇ ਪੈਨ ਤੋਂ ਪ੍ਰਕਾਸ਼ਵਾਨ ਹੋ ਜਾਇਗਾ, ਅਰਥਾਤ ਅਗਜਾਨਤਾ ਦਾ ਪਰਦਾ ਉੱਠ ਜਾਇਗਾ ਅਰ ਸਾਰੀ ਹਕੀਕਤ ਸਾਫ਼ ਸਾਫ਼ ਨਜ਼ਰੀਂ ਆਉਨ ਲੱਗ ਜਾਇਗੀ, ਕਿਉਂਕਿ ਜਦੋਂ ਅੰਦ੍ਰਲੀ ਅੱਖ ਖੁੱਲ੍ਹ ਜਾਂਦੀ ਹੈ ਤਾਂ ਬਾਹਰ ਦੀਆਂ ਅੱਖਾਂ ਆਪਣੇ ਆਪ ਉਸਦੀ ਮੱਦਦ ਨਾਲ ਖੁੱਲ੍ਹ ਜਾਂਦੀਆਂ ਹਨ, "ਇਸਨੂੰ ਅਸੀ ਚੁਪ ਚਾਪ ਹਾਲਤ ਵਿਚ ਪਹੁੰਚਣਾ ਆਖ ਸਕਦੇ ਹਾਂ" ਇਹ ਮਾਨੋਂ ਉਸ ਰੌਸ਼ਨੀ ਦੁਆਰਾ ਮਲਮ ਕਰਨ੍ਹਾ ਅਰ ਅਗਵਾਨੀ ਕੀਤੇ ਜਾਣਾ ਹੈ, ਜਿਹੜੀ ਕਿ ਇਸ ਸੰਸਾਰ ਦੇ ਹਰ ਇਕ ਪੁਰਸ਼ ਨੂੰ ਪ੍ਰਕਾਸ਼ਵਾਨ ਕਰਦੀ ਹੈ, ਇਹ ਮਾਨੋਂ ਤੁਹਾਡੀ ਆਪਣੀ ਉਸ ਆਤਮਾਂ ਦੀ ਬਾਣੀ ਨੂੰ ਧਿਆਨ ਨਾਲ ਸੁਣਨਾ ਅਰ ਉਹਦੇ ਅਨੁਸਾਰ ਅਮਲ ਕਰਨਾ ਹੈ, ਇਹ ਬਾਣੀ ਤੁਹਾਡੇ

ਨਿਜ ਆਤਮਾਂ ਦੀ ਬਾਣੀ ਹੈ, ਪ੍ਰਮਾਤਮਾਂ ਦੀ ਬਾਣੀ ਹੈ।

ਇਹ ਆਤਮਾਂ ਹੀ ਦੇਵ ਹੈ ਅਰ ਜਦੋਂ ਅਸੀ ਇਸਨੂੰ ਪ੍ਰਮਾਤਮਾਂ ਦੇ ਪ੍ਰਕਾਸ਼ ਤੋਂ ਪ੍ਰਕਾਸ਼ਿਤ ਕਰਨ ਲਈ ਝੱਕਦੇ ਹਾਂ, ਤਾਂ ਇਸ ਵਿਚੋਂ ਸਾਰੀਆਂ ਗੱਲਾਂ ਅਸਾਡੇ ਸਾਹਮਣੇ ਸਪਸ਼ਟ ਭਾਸ ਔਂਦੀਆਂ ਹਨ। ਜਦੋਂ ਪੁਰਸ਼ ਈਸ਼੍ਵਰੀ ਪ੍ਰਕਾਸ਼ ਤੋਂ ਆਪਣਾ ਮੂੰਹ ਫੇਰ ਲੈਂਦਾ ਹੈ, ਤਾਂ ਉਸਦੇ ਵਾਸਤੇ ਸਾਰੀਆਂ ਗੱਲਾਂ ਗੁੱਝੀਆਂ ਹੋ ਜਾਂਦੀਆਂ ਹਨ। ਅਸਲ ਵਿਚ ਤਾਂ ਕੋਈ ਚੀਜ਼ ਭੀ ਆਪਣੇ ਆਪ ਵਿਚ ਗੁੱਝੀ ਨਹੀਂ ਹੈ, ਜਦੋਂ ਆਤਮਕ ਅਨੁਭੱਵਤਾ ਖੁੱਲ੍ਹ ਜਾਂਦੀ ਹੈ. ਤਦੋਂ ਓਹ ਸਰੀਰਕ ਇੰਦ੍ਰੀਆਂ ਅਰ ਬੁੱਧੀ ਦੀਆਂ ਸਾਰੀਆਂ ਹੱਦਾਂ ਤੇ ਕੈਦਾਂ (ਬੰਧਨਾਂ) ਤੋਂ ਬਾਹਰ ਨਿਕਲ ਜਾਂਦੀ ਹੈ ਅਰ ਜਿੰਨਾ ਅਸੀ ਏਹਨਾਂ ਬੰਧਨਾਂ ਤੋਂ ਪਰੇਡੇ ਨਿਕਲ ਜਾਵਾਂਗੇ ਅਰ ਇਹ ਸਮਝ ਜਾਵਾਂਗੇ ਕਿ ਅਸਲੀ ਜੀਵਨ ਅਰ ਅਪਾਰ ਜੀਵਨ ਇਕ ਹੀ ਹਨ, ਏਹਨਾਂ ਦੋਹਾਂ ਵਿਚ ਕੁਝ ਭੀ ਫਰਕ ਨਹੀਂ, ਉਸ ਵੇਲੇ ਅਸੀ ਅਜੇਹੇ ਅਸਥਾਨ ਤੇ ਪੁਜ ਜਾਵਾਂਗੇ, ਜਿੱਥੇ ਇਹ ਅਵਾਜ਼ ਸਦੀਵ ਸੁਣਾਈ ਦੇਵੇਗੀ ਅਰ ਜਿੱਥੇ ਸਾਨੂੰ ਕਦੀ ਭੀ ਗਿਰਾਉ ਨਹੀਂ ਪ੍ਰਾਪਤ ਹੋਵੇਗਾ, ਜੇਕਰ ਅਸੀ ਉਸਦੇ ਅਨੁਸਾਰ ਕਰੀਏ ਤਾਂ। ਅਰ ਇਸੇ ਵਾਸਤੇ ਇਸ ਅਸਥਾਨ ਤੇ ਸਦੀਵ ਰੱਬੀ ਨੂਰ ਪ੍ਰਾਪਤ ਹੋਵੇਗਾ ਅਤੇ ਅਗਵਾਣੀ ਕੀਤੀ ਜਾਵੇਗੀ। ਇਸ ਗੱਲ ਨੂੰ 'ਜਾਣਨਾ ਅਤੇ ਉਸਨੂੰ ਅਨਭਉ ਕਰਕੇ ਉਸਦੇ ਅਨੁਸਾਰ ਜੀਵਨ ਬਤੀਤ ਕਰਨਾ ਅੱਗੋਂ ਲਈ ਬੱਸ ਸ੍ਵਰਗ ਵਿਚ ਹੀ ਰਹਿਣਾ ਨਹੀਂ, ਸਗੋਂ ਇਹ ਆਖੋ ਕਿ ਤੁਸੀ ਏਸੇ ਥਾਂ, ਉਸੇ ਵੇਲੇ, ਅੱਜ ਅਰ

ਹਰ ਰੋਜ਼ ਏਥੇ ਸੁਰਗ ਵਿਖੇ ਜੀਵਨ ਬਤੀਤ ਕਰਦੇ ਰਹੇ ਹੋ।

ਮਾਨੁਖੀ ਆਤਮਾਂ ਨੂੰ ਉਸਦੇ ਬਿਨਾਂ ਕੋਈ ਲੋੜ ਨਹੀਂ, ਅਰਥਾਤ ਇਸਤਰਾਂ ਦਾ ਸੁਰਗ ਹਰ ਇਕ ਨੂੰ ਪ੍ਰਾਪਤ ਕਰਨਾ ਜ਼ਰੂਰੀ ਹੈ। ਜਦੋਂ ਅਸੀ ਆਪਣਾ ਮੂੰਹ ਠੀਕ ਪਾਸੇ ਵਲ ਕਰਾਂਗੇ, ਤਾਂ ਇਹ ਹਾਲਤ ਅਜਿਹੀ ਸੁਖਾਲੀ ਅਰ ਆਪਣੇ ਆਪ ਪੈਦਾ ਹੋ ਜਾਏਗੀ, ਜਿਸਤਰਾਂ ਕਿ ਫੁਲ ਦਾ ਖਿੜਨਾਂ ਅਰ ਹਵਾ ਦਾ ਚੱਲਨਾ। ਇਹ ਸੁਰਗ ਰੁਪਏ ਪੈਸੇ ਤੋਂ ਮੁਲ ਨਹੀਂ ਲਿਆ ਜਾ ਸਕਦਾ। ਇਹ ਇਕ ਅਜਿਹੀ ਹਾਲਤ ਹੈ ਕਿ ਇਸਨੂੰ ਏਸ ਸੰਸਾਰ ਵਿਚ ਹਰ ਇਕ ਪੁਰਸ਼ ਆਪਣੇ ਖਿਆਲ ਵਿਚ ਲਿਆ ਸਕਦਾ ਹੈ ਅਰ ਉਸਦਾ ਤਸੱਵਰ (ਧਿਆਨ) ਹੱਛੀ ਤਰਾਂ ਬੰਨ੍ਹ ਸਕਦਾ ਹੈ, ਚਾਹੇ ਅਮੀਰ ਹੋਵੇ ਚਾਹੇ ਗਰੀਬ, ਚਾਹੇ ਪਾਤਸ਼ਾਹ ਹੋਵੇ ਚਾਹੇ ਕ੍ਰਿਸਾਨ, ਮਾਲਕ ਹੋਵੇ ਚਾਹੇ ਨੌਕਰ, ਸਾਰੇ ਲੋਕ ਉਸਦੇ ਬਰਾਬਰ ਹਿੱਸੇਦਾਰ ਹਨ, ਜਿਹਾ ਕਿ ਜੇ ਕ੍ਰਿਸਾਨ ਭਾਲ ਕਰਕੇ ਉਸਨੂੰ ਸਭ ਤੋਂ ਪੈਹਲਾਂ ਲੱਭ ਲਵੇ, ਤਾਂ ਓਹ ਪਾਤਸ਼ਾਹ ਦੇ ਜੀਵਨ ਤੋਂ ਕਈ ਦਰਜੇ ਵਧਕੇ ਸੋਹਣਾ ਅਤੇ ਅਸਲੀ ਬਲ ਵਾਲਾ ਜੀਵਨ ਬਤੀਤ ਕਰੇਗਾ, ਏਸੇ ਤਰਾਂ ਜੇ ਨੌਕਰ ਉਸ ਹਾਲਤ ਨੂੰ ਪੈਹਲਾਂ ਮਲੂਮ ਕਰ ਲਵੇ, ਤਾਂ ਓਹ ਆਪਣੇ ਮਾਲਕ ਤੋਂ ਵਧੀਕ ਚੰਗਾ ਜੀਵਨ ਬਤੀਤ ਕਰੇਗਾ।

ਜੇ ਤੁਸੀ ਸੱਰਬ ਪ੍ਰਕਾਰ ਦੀ ਸ੍ਰਿਸ਼ਟੀ ਤੋਂ ਮਹਾਨ ਉੱਤਮ ਅਤੇ ਅਤਯੰਤ ਪੂਰਨ ਅਰ ਪਰਮ ਸ੍ਰੇਸ਼ਟ ਜੀਵਨ ਬਤੀਤ ਕਰਨਾ ਚਾਹੁੰਦੇ ਹੋ, ਤਾਂ ਫੇਰ ਇਸ ਖਿਆਲ ਨੂੰ

ਦੂਰ ਕਰ ਦਿਓ ਕਿ ਤੁਹਾਡਾ ਜੀਵਨ ਈਸ਼੍ਵਰੀ ਜੀਵਨ ਥੀਂ ਅੱਡ ਹੈ, ਆਪਣੇ ਏਕਤਾ ਦੇ ਖਿਆਲ ਤੇ ਜਮੇਂ ਰਹੋ, ਇਉਂ ਕਰਨ ਤੋਂ ਤੁਸੀ ਇਸ ਅਪਾਹ ਜੀਵਨ ਦਾ ਤਸੱਵਰ (ਧਿਆਨ) ਆਪਣੇ ਦਿਲ ਅੰਦਰ ਜ਼ਿਆਦਾ ਬੰਨ੍ਹੋਂ ਅਰ ਜਿਤਨਾ ਮਾਤ੍ਰ ਇਸਤਰਾਂ ਦਾ ਧਿਆਨ ਤੁਸੀ ਵਧਕੇ ਬੰਨ੍ਹੋਂਗੇ, ਉਤਨਾ ਹੀ ਅਧਿਕ ਇਸਨੂੰ ਅਨਭਉ ਕਰੋਗੇ ਅਰ ਜਦੋਂ ਅਨਭਉ ਦਾ ਜੀਵਨ ਬਿਤਾਉਗੇ, ਤਾਂ ਤੁਸੀ ਵੇਖੋਗੇ ਕਿ ਕੋਈ ਹੱਛੀ ਸ਼ੈ ਜਾਂ ਪਦਾਰਥ ਤੁਹਾਥੋਂ ਦੂਰ ਨਾਂ ਰਹੇਗਾ, ਕਿਉਂਕਿ ਇਸ ਵਿਚ ਸਾਰੀਆਂ ਚੀਜ਼ਾਂ ਹੀ ਆ ਜਾਂਦੀਆਂ ਹਨ, ਫੇਰ ਬਿਨਾਂ ਕਿਸੇ ਡਰ ਭੈ ਅਤੇ ਸ਼ੱਕ ਸ਼ੁਬ੍ਹੇ ਦੇ ਤੁਹਾਡਾ ਕੇਵਲ ਇਹ ਕੰਮ ਹੋਵੇਗਾ ਕਿ ਜੋ ਕੰਮ ਤੁਸੀ ਆਪਣੇ ਕਰਨ ਵਾਲਾ ਵੇਖੋ, ਉਸਨੂੰ ਅੱਜੋ ਕਰ ਲਵੋ ਅਰ ਅੱਗੋਂ ਆਉਨ ਵਾਲੇ ਕੱਲ੍ਹ ਦੇ ਵਾਸਤੇ ਤਿਆਰ ਰਹੋ ਅਰ ਇਹ ਜਾਨ ਲਵੋ ਕਿ ਕੱਲ ਅਰਥਾਤ ਅਗਲਾ ਜ਼ਮਾਨਾ ਤੁਹਾਡੇ ਮਾਨਸਿਕ, ਆਤਮਕ ਅਤੇ ਸਰੀਰਕ ਜੀਵਨ ਵਾਸਤੇ ਭਵਿੱਖਤ ਦੇ ਸਾਮਾਨ ਪੈਦਾ ਕਰੇਗਾ। ਯਾਦ ਰੱਖੋ ਕਿ ਜਦੋਂ ਤਾਈਂ ਕੱਲ ਨਾਂ ਆ ਜਾਵੇ, ਤਦੋਂ ਤਾਈਂ ਸਾਰੇ ਸਾਮਾਨ ਦੀ ਭੀ ਲੋੜ ਨਹੀਂ ਹੈ।

ਜੇ ਕੋਈ ਪੁਰਸ਼ ਕਾਨੂਨ (ਨਿਯਮਾਂ) ਤੇ ਪੂਰਾ ਪੂਰਾ ਯਕੀਨ(ਵਿਸਵਾਸ)ਕਰਨ ਦੀ ਇੱਛਾ ਕਰਦਾਹੈ,ਤਾਂਕਾਨੂਨ (ਨਿਯਮ) ਉਸਨੂੰ ਕਦੀ ਹਾਰ ਨਹੀਂ ਦੇਵੇਗਾ, ਜੋ ਪੁਰਸ਼ ਕਾਨਨ ਤੇ ਪੂਰੇ ਦਿਲ ਨਾਲ ਯਕੀਨ (ਵਿਸਵਾਸ) ਨਹੀਂ ਕਰਦੇ, ਓਹਨਾਂ ਨੂੰ ਹੀ ਸੰਸੇ ਗ੍ਰਸਤ ਅਤੇ ਤਸੱਲੀ ਹੀਣੇ ਭਾਵ ਪ੍ਰਾਪਤ ਹੁੰਦੇ ਹਨ। ਈਸ਼੍ਵਰ ਨਾਲੋਂ ਵਧੀਕ ਪੱਕੀ

ਅਤੇ ਵਧੇਰੇ ਸੱਚੀ ਕੋਈ ਚੀਜ਼ ਨਹੀਂ ਹੈ। ਜੋ ਪੁਰਸ਼ ਸਮੂਲਚਾ ਹੀ ਉਸਦੀ ਓਟ ਅੰਦਰ ਆ ਜਾਂਦਾ ਹੈ ਅਰ ਸਾਰੇ ਦਾ ਸਾਰਾ ਆਪਣਾ ਆਪ ਉਸਦੇ ਹਵਾਲੇ ਕਰ ਦੇਂਦਾ ਹੈ, ਓਹ ਕਦੀ ਭੀ ਭੁੱਲ ਨਹੀਂ ਕਰਦਾ। ਤਾਂਤੇ ਜੀਵਨ ਦਾ ਭੇਤ ਇਹ ਹੈ ਕਿ ਹਰ ਇਕ ਪੁਰਸ਼ ਨੂੰ ਚਾ-ਹੀਦਾ ਹੈ ਕਿ ਸਦੀਵ ਉਸੇ ਦੇ ਧਿਆਨ ਵਿਖੇ ਜੀਵਨ ਬਤੀਤ ਕਰੇ, ਚਾਹੇ ਓਹ ਦਿਨ ਅਰ ਰਾਤ ਵਿਚ ਕੁਝ ਹੀ ਕਰਦਾ ਹੋਵੇ ਅਰ ਕਿਧਰੇ ਹੋਵੇ, ਚਾਹੇ ਸੁੱਤਾ ਪਿਆ ਹੋਵੇ ਚਾਹੇ ਜਾਗਦਾ, ਦੋਹਾਂ ਹਾਲਤਾਂ ਵਿਚ ਇਸਤਰਾਂ ਦਾ ਅਨ-ਭਵੀ ਜੀਵਨ ਬਤੀਤ ਕਰ ਸਕਦਾ ਹੈ। ਏਥੇ ਅਸੀ ਸੁਪਨ ਦੇ ਬਾਰੇ ਵਿਚ ਅਰ ਸੁਪਨ ਹਾਲਤ ਵਿਖੇ ਸਿਖਯਾ ਅਰ ਇਲਹਾਮ ਪ੍ਰਾਪਤ ਕਰਨ ਬਾਬਤ ਕੁਝਕ ਗੱਲਾਂ ਤੇ ਵਿਚਾਰ ਕਰਾਂਗੇ।

ਸੁਪਨ ਅਵਸਥਾ ਵਿਚ ਕੇਵਲ ਸਥੂਲ ਸਰੀਰ ਹੀ ਇਸਥਿਰ ਅਤੇ ਚੁਪ ਚਾਪ ਰਹਿੰਦਾ ਹੈ ਅਰ ਆਤਮਕ ਜੀਵਨ ਸਣੇਂ ਆਪਣੇ ਕਾਰ ਵਿਹਾਰ ਅਰ ਕਰਤੱਵਾਂ ਦੇ ਬਰਾਬਰ ਜਾਰੀ ਰਹਿੰਦਾ ਹੈ, ਨੀਂਦਰ ਦਾ ਆਉਣਾ ਕੁਦ-ਰਤ ਦਾ ਪ੍ਰਬੰਧ ਹੈ, ਜਿਸਤੋਂ ਕਿ ਸਰੀਰ ਤਿਆਰ ਬਰ ਤਿਆਰ ਅਰ ਪੱਕਾ ਰਹ ਸਕੇ ਅਰ ਜਾਗ੍ਰਤ ਅਵਸਥਾ ਵਿਖੇ ਜੋ ਘਾਟਾ ਹੁੰਦਾ ਰਹਿੰਦਾ ਹੈ, ਉਸਦਾ ਅਭਾਵ ਹੋ ਸਕੇ। ਨੀਂਦਰ ਇਕ ਕੁਦਰਤੀ ਸਾਮਾਨ ਹੈ, ਜੋ ਥੱਕੇ ਟੁੱਟੇ ਸਰੀਰ ਨੂੰ ਤਾਜ਼ਾ ਕਰਦੀ ਹੈ, ਜੇ ਸਰੀਰ ਨੂੰ ਪੂਰੀ ਤਰਾਂ ਨਾਲ ਨੀਂਦਰ ਨਾਂ ਦਿੱਤੀ ਜਾਵੇ, ਅਰਥਾਤ ਏਸਦਾ ਘਾਟਾ ਪਰਾ ਨਾਂ ਕੀਤਾ ਜਾਵੇ, ਤਾਂ ਸਰੀਰ ਹੌਲੀ ਹੌਲੀ ਨਿਰਬਲ

ਅਤੇ ਘਾਟੇ ਨੂੰ ਰੁਖ ਕਰਦਾ ਜਾਂਦਾ ਹੈ ਅਰ ਏਸ ਹਾਲਤ ਵਿਚ ਹਰ ਪ੍ਰਕਾਰ ਦੇ ਰੋਗ ਜਾਂ ਦੁਖ ਸਰੀਰ ਵਿਖੇ ਸ਼ੀਘਰ ਪ੍ਰਵਿਰਤ ਹੋ ਸਕਦੇ ਹਨ। ਇਹੀ ਕਾਰਨ ਹੈ ਕਿ ਜਦੋਂ ਸਰੀਰ ਨੂੰ ਨੀਂਦ ਦੇ ਨਾਂ ਆਉਣ ਤੋਂ ਥਕੇਵਾਂ ਹੋ ਜਾਂਦਾਹੈ, ਤਾਂ ਉਸਨੂੰ ਠੰਢ ਲੱਗ ਜਾਂਦੀ ਅਰ ਜ਼ੁਕਾਮ ਹੋ ਜਾਂਦਾ ਹੈ, ਜੇ ਇਸਤਰਾਂ ਦਾ ਥਕੇਵਾਂ ਨਾਂ ਹੋਵੇ ਤਾਂ ਇਹ ਰੋਗ ਨਹੀਂ ਹੋ ਸਕਦੇ। ਏਸ ਬੀਮਾਰੀ ਅਰ ਥਕੇਵੇਂ ਦੀ ਹਾਲਤ ਵਿਚ ਬਾਹਰਲੇ (ਰੋਗ ਜਨਕ) ਖਤ੍ਰਿਆਂ ਦਾ ਸਰੀਰ ਤੇ ਬਹੁਤ ਛੇਤੀ ਅਸਰ ਹੋ ਜਾਂਦਾ ਹੈ ਅਰ ਜੇ ਸਰੀਰ ਆਪਣੀ ਅਸਲੀ ਅਤੇ ਯੋਗ ਹਾਲਤ ਵਿਚ ਹੋਵੇ, ਤਾਂ ਏਨਾਂ ਛੇਤੀ ਅਸਰ ਨਾਂ ਹੋਵੇ ਅਰ ਓਹਨਾਂ ਰੋਗ ਜਨਕ ਕਾਰਨਾਂ ਦਾ ਅਸਰ ਜਦ ਭੀ ਹੁੰਦਾ ਹੈ, ਸਭ ਤੋਂ ਪੈਹਲਾਂ ਹਮੇਸ਼ਾ ਸਰੀਰ ਦੇ ਕਮਜ਼ੋਰ ਥੱਕੇ ਟੁੱਟੇ ਹਿੱਸਿਆਂ ਤੇ ਹੁੰਦਾ ਹੈ।

ਸਾਡੇ ਸਰੀਰ ਸਾਨੂੰ ਉੱਚ ਭਾਵਾਂ ਦੇ ਪੂਰਾ ਕਰਨ ਵਾਸਤੇ ਕਰਤੇ ਨੇਂ ਬਖਸ਼ੇ ਹਨ, ਭਾਵੇਂ ਆਮ ਤੌਰ ਤੇ ਅਸੀ ਆਪਣੇ ਸਰੀਰਾਂ ਕੋਲੋਂ ਇਹ ਕੰਮ ਨਹੀਂ ਲੈਂਦੇ, ਬਹੁਤ ਸਾਰੀਆਂ ਹਾਲਤਾਂ ਵਿਚ ਜਿੱਥੇ ਕਿ ਸਰੀਰ ਆਪਣੇ ਮਾਲਕ ਤੇ ਪਰਬਲ ਪਿਆ ਹੁੰਦਾ ਹੈ। ਇਹ ਗੱਲ ਖਾਸ ਕਰਕੇ ਠੀਕ ਹੈ, ਜਿੰਨਾ ਅਸੀ ਅੰਤਸ਼ਕਰਨ ਅਤੇ ਆਤਮਾਂ ਦੀਆਂ ਉੱਚ ਸ਼ਕਤੀਆਂ ਨੂੰ ਹੱਛੀ ਤਰਾਂ ਅਨਭਉ ਕਰ ਲਵਾਂਗੇ, ਓਨਾਂ ਹੀ ਸਰੀਰ ਓਹਨਾਂ ਦੀ ਤਸੀਰ ਦੇ ਕਾਰਨ ਘਟ ਸਥੂਲ ਅਤੇ ਭਾਰਾ ਹੋਵੇਗਾ ਅਰ ਉਸਦੀ ਬਨਾਵਟ ਅਤੇ ਸੂਰਤ ਵਧੇਰੇ ਸੂਖਮ ਹੋਵੇਗੀ, ਅਰ ਫੇਰ ਅੰਤਸ਼-ਕਰਨ ਆਪਣੇ ਹੀ ਅੰਦਰ ਅਰ ਆਪਣੇ ਸੰਬੰਧੀ

ਸਾਰੀਆਂ ਉੱਚ ਦਰਜੇ ਦੀਆਂ ਚੀਜ਼ਾਂ ਵਿਚ ਅਨੰਦ ਪ੍ਰਾਪਤ ਕਰਦਾ ਹੈ ਅਰ ਸੁਆਦ ਲੈਂਦਾ ਹੈ, ਏਸ ਵਾਸਤੇ ਖਾਣ ਪੀਣ ਦੀਆਂ ਵਧੀਕੀਆਂ ਸੁਤੇ ਹੀ ਦੂਰ ਹੋਜਾਂਦੀਆਂ ਹਨ, ਨਾਲੇ ਬਹੁਤ ਭਾਰੀਆਂ ਗੰਦੀਆਂ ਅਰ ਘਟ-ਮੁੱਲੀਆਂ ਚੀਜ਼ਾਂ ਦੇ ਖਾਨ ਪੀਨ ਦੀ ਇੱਛਾ ਉੱਕੀ ਹੀ ਘਟ ਜਾਂਦੀ ਹੈ। ਯਥਾ ਕਿ ਜਾਨਵਰਾਂ ਦਾ ਮਾਸ, ਹਰ ਪ੍ਰਕਾਰ ਦੀ ਸ਼ਰਾਬ ਅਰ ਹਰ ਪ੍ਰਕਾਰ ਦੀਆਂ ਚੀਜ਼ਾਂ ਜੋ ਸਰੀਰ ਵਿਖੇ ਅਯੋਗ ਜਿਹਾ ਨਸ਼ਾ ਪੈਦਾ ਕਰਨ ਅਰ ਵਿਸ਼ੇ ਆਦਕ ਵਧਾਨ, ਕਿਉਂਕਿ ਇਸ ਭਾਂਤ ਦੀਆਂ ਓਹਨਾਂ ਚੀਜ਼ਾਂ ਤੋਂ ਸਰੀਰ ਅਤੇ ਦਿਮਾਗ ਨੂੰ, ਪਵਿਤ੍ਰਤਾ, ਸ਼ਕਤੀ ਅਤੇ ਤ੍ਰਿਪਤੀ ਨਹੀਂ ਹੁੰਦੀ ਅਰ ਨਾਂ ਹੀ ਅੰਦਰ ਦਾ ਘਾਟਾ ਪੂਰਾ ਹੁੰਦਾ ਹੈ। ਜਿੰਨਾ ਸਰੀਰ ਘਟ ਸਥੂਲ ਅਤੇ ਘਟ ਭਾਰਾ ਹੋਵੇਗਾ, ਉਸਦੀ ਬਨਾਵਟ ਅਤੇ ਸੂਰਤ ਉਤਨੀ ਹੀ ਵਧੇਰੇ ਸੂਖਮ ਹੋਵੇਗੀ ਤੇ ਓਨਾਂ ਹੀ ਉਸਦੇ ਵਿੱਚੋਂ ਫੋਕ ਘਟ ਜਾਵੇਗਾ ਅਰ ਜੋ ਅੰਗ ਨਸ਼ਟ ਹੋਨਗੇ, ਬੜੀ ਸੁਖਿਆਈ ਨਾਲ ਓਹਨਾਂ ਦੀ ਥਾਂ ਹੋਰ ਸਾਬਤ ਭਾਗ ਪੈਦਾ ਹੋ ਜਾਨਗੇ, ਏਥੋਂ ਤਾਈਂ ਕਿ ਸਰੀਰ ਜ਼ਯਾਦਾ ਨਿਯਮ ਅਨੁਸਾਰ ਅਰ ਸਮਾਨ ਦਸ਼ਾ ਵਿਚ ਰਹੇਗਾ, ਜਦ ਇਹ ਠੀਕ ਹੈ ਤਾਂ ਫੇਰ ਅਸਲ ਵਿਚ ਬਹੁਤ ਘਟ ਨੀਂਦ ਦੀ ਲੋੜ ਹੋਵੇਗੀ ਅਰ ਜਿੰਨੀ ਨੀਂਦ ਲਵਾਂਗੇ, ਉਸਤੋਂ ਉਸ ਵਧੇਰੇ ਸੂਖਮ ਸਰੀਰ ਨੂੰ ਅਸਥੂਲ ਸਰੀਰ ਨਾਲੋਂ ਬਹੁਤ ਲਾਭ ਪੁਜੇਗਾ।

ਇਸਤਰਾਂ ਨਾਲ ਜਿੰਨਾ ਸਰੀਰ ਵਧੇਰੇ ਸੂਖਮ (ਕੋਮਲ) ਹੁੰਦਾ ਜਾਏਗਾ, ਜਾਂ ਇਹ ਆਖੋ ਕਿ ਜਿੰਨਾਂ

ਕਸ਼ਾਦਗੀ ਦਾ ਅਮਲ ਜਾਰੀ ਰਹੇਗਾ, ਓਨਾਂ ਹੀ ਸਰੀਰ ਅੰਤਸ਼ਕਰਨ ਅਤੇ ਆਤਮਾਂ ਨੂੰ ਉੱਚ ਦਰਜੇ ਦੀ ਸਿਆਣਪ ਪ੍ਰਾਪਤ ਕਰਨ ਵਿਖੇ ਸਹਾਇਤਾ ਦੇਵੇਗਾ ਅਰ ਇਸ ਤਰਾਂ ਨਾਲ ਸਰੀਰ ਅੰਤਸ਼ਕਰਨ ਦੀ ਉਜਿਹੀ ਹੀ ਮੱਦਦ ਕਰੇਗਾ ਜੇਹੀ ਕਿ ਅੰਤਸ਼ਕਰਨ ਸਰੀਰ ਦੀ ਮੁਰੰਮਤ ਵਿਚ ਮੱਦਦ ਕਰਦਾ ਹੈ। ਬੇਸ਼ੱਕ ਇਹੀ ਗੱਲ ਇਕ ਯੋਗ ਪੁਰਸ਼ ਦੇ ਇਸ ਕਥਨ ਤੋਂ ਪ੍ਰਗਟ ਹੁੰਦੀ ਹੈ :-

"ਸਗਲ ਵਸਤੁ ਹੈ ਹਾਥ ਹਮਾਰੇ। ਭਾਖੋ ਪਿਆਰੇ ਭੁਜਾ ਪਸਾਰੇ। ਮਨ ਰਾਖਾ ਤਨ ਕੋ ਜ਼ਿਉਂ ਅਹੈ। ਤਿਉਂ ਤਨ ਸਾਰ ਮਨਹਿ ਕੀ ਲਹੈ।" ਸ੍ਰੀ ਗੁਰ ਅਰਜਨ ਬਹੁਰਿ ਉਚਾਰੀ। ਬੀਚ ਸੁਖਮਨੀ ਕਰਹੁ ਵਿਚਾਰੀ। ਸਾਰ ਸਿਧਾਂਤ ਏਕ ਹੀ ਜਾਨੋ। ਨਿਰਸੰਸੇ ਇਉਂ ਨਿਸਚੇ ਠਾਨੋ।

"ਸਗਲ ਸਮਿਗ੍ਰੀ ਤੁਮਰੈ ਸੂਤ੍ਰ ਧਾਰੀ। ਤੁਮਤੇ ਹੋਇ ਸੁ ਆਗਜਾ ਕਾਰੀ। ਤੁਮਰੀ ਗਤਿ ਮਿਤ ਤੁਮਹੀ ਜਾਨੀ। ਨਾਨਕ ਦਾਸ ਸਦਾ ਕੁਰਬਾਨੀ।"

"ਸਾਨੂੰ ਉੱਚੀ ਅਵਾਜ਼ ਨਾਲ ਇਹ ਕਹਿਣਾ ਉਚਿੱਤ ਹੈ ਕਿ ਸਾਰੀਆਂ ਹੱਛੀਆਂ ਚੀਜ਼ਾਂ ਸਾਡੀਆਂ ਹੀ ਹਨ ਅਤੇ ਆਤਮਾਂ ਅਰ ਸਰੀਰ ਦੋਵੇਂ ਇਕੋ ਜਿਹੇ ਢੰਗ ਤੇ ਇਕ ਦੂਜੇ ਦੇ ਮੱਦਦਗਾਰ ਹਨ।" ਤਾਂਤੇ ਸਿੱਧ ਹੋਯਾ ਕਿ ਨੀਂਦ ਦੁਆਰਾ ਸਾਰੇ ਸਰੀਰ ਨੂੰ ਆਰਾਮ ਪਹੁੰਚਦਾ ਹੈ ਅਰ ਓਹ ਨਵੇਂ ਸਿਰਿਓਂ ਤਿਆਰ ਬਰਤਿਆਰ ਹੋ ਜਾਂਦਾ ਹੈ, ਆਤਮਾਂ ਨੂੰ ਆਰਾਮ ਦੀ ਲੋੜ ਨਹੀਂ ਹੈ ਅਰ ਜਿਸ ਹਾਲਤ ਵਿਚ ਸਰੀਰ (ਨੀਂਦ ਨਾਲ) ਆਰਾਮ ਵਿਚ ਹੁੰਦਾ

ਹੈ, ਆਤਮਾਂ ਓਦੋਂ ਭੀ ਉਸੇ ਤਰਾਂ ਹੀ ਕੰਮ ਕਰਦੀ ਰਹਿੰਦੀ ਹੈ, ਜਿਹੀ ਕਿ ਸਰੀਰ ਦੀ ਫੁਰਤੀ (ਜਾਗ੍ਰਤ) ਦੀ ਹਾਲਤ ਵਿਚ ਕੰਮ ਕ੍ਰਿਆ ਕਰਦੀ ਹੈ।

ਬਾਜ਼ੇ ਪੁਰਸ਼, ਜੋ ਆਤਮਾਂ ਦੇ ਵਿਹਾਰ ਤੋਂ ਚੰਗੀ ਤਰਾਂ ਜਾਣੂੰ ਹਨ, ਵਰਨਨ ਕਰਦੇ ਹਨ ਕਿ ਅਸੀ ਸੁਪਨੇ ਦੀ ਹਾਲਤ ਵਿਚ ਪੰਧ ਕਰਦੇ ਰਹਿੰਦੇ ਹਾਂ, ਬਾਜ਼ੇ ਪੁਰਸ਼ ਅਜਿਹੇ ਹਨ ਕਿ ਜੋ ਨਜ਼ਾਰੇ ਜਾਂ ਹਾਲਤਾਂ ਓਹਨਾਂ ਨੇ ਵੇਖੀਆਂ ਹਨ ਤੇ ਜੋ ਗਿਆਤ ਪ੍ਰਾਪਤ ਕੀਤੀ ਹੈ ਅਤੇ ਜੋ ਵਰਤਾਰੇ ਵਰਤ ਚੁਕੇ ਹਨ ਓਹਨਾਂ ਸਾਰਿਆਂ ਨੂੰ ਜਿਉਂ ਕਾ ਤਿਉਂ ਯਾਦ ਕਰ ਤੇ ਚੇਤੇ ਲਿਆ ਸਕਦੇ ਹਨ। ਬਹੁਤ ਸਾਰੇ ਪੁਰਸ਼ ਇਉਂ ਨਹੀਂ ਕਰ ਸਕਦੇ ਅਰ ਇਸ ਵਾਸਤ ਇਸ ਤਰਾਂ ਦੀ ਪ੍ਰਾਪਤੀ ਤੋਂ ਲਾਭ ਨਹੀਂ ਉਠਾ ਸਕਦੇ, ਜਾਂ ਇਹ ਆਖੋ ਕਿ ਜੋ ਕੁਝ ਇਸ ਰੀਤੀ ਨਾਲ ਪ੍ਰਾਪਤ ਕਰ ਸਕਦੇ ਸਨ, ਉਸਨੂੰ ਗੁਆ ਬੈਠੇ ਹਨ, ਪਰ ਓਹ ਇਹ ਆਖਦੇ ਹਨ ਕਿ ਜਿੰਨਾ ਅਸੀ ਕਾਨੂਨਾਂ ਨੂੰ ਸਮਝਦੇ ਹਾਂ ਓਨਾਂ ਹੀ ਬਲ ਸਾਡੇ ਅੰਦਰ ਹੈ ਕਿ ਜਿੱਥੇ ਅਸੀ ਚਾਹੀਏ ਚਲੇ ਜਾਈਏ ਅਰ ਇਸਤਰਾਂ ਦੇ ਸਾਰੇ ਤਜਰਬਿਆਂ ਨੂੰ ਫੇਰ ਜੀਵਤੇਂ ਕਰ ਸਕੀਏ। ਖੈਰ ਇਹ ਲੋਕ ਕੁਝ ਹੀ ਕਰ ਸੱਕਨ, ਇਸ ਗੱਲ ਨਾਲ ਕੁਝ ਝਗੜਾ ਨਹੀਂ, ਪਰ ਇਹ ਗੱਲ ਸੱਚ ਮੁਚ ਠੀਕ ਹੈ ਕਿ ਸੁਪਨੇ ਦੀ ਹਾਲਤ ਵਿਚ ਸਾਨੂੰ ਨਿਯਮ ਅਨੁਸਾਰ ਅਤੇ ਕੁਦਰਤੀ ਤੌਰ ਤੇ ਇਹ ਸ਼ਕਤੀ ਪ੍ਰਾਪਤ ਹੁੰਦੀ ਹੈ ਕਿ ਅਸੀ ਪ੍ਰਕਾਸ਼, ਸਿਖਜਾ ਤੇ ਵਧਾਓ ਦ੍ਵਾਰੇ ਬਹੁਤ ਕੁਝ ਲਾਭਕਾਰੀ ਅਰ ਅਮੋਲਕ ਸ਼ਕਤੀ ਪ੍ਰਾਪਤ ਕਰ ਸਕਦੇ ਹਾਂ, ਜੋ ਕਿ ਵਸ਼ੇਸ਼ ਕਰਕੇ

ਲੋਕਾਂ ਨੂੰ ਅੱਜ ਕੱਲ ਲੱਭ ਨਹੀਂ ਸਕਦੀ।

ਜੋ ਆਤਮਕ ਜੀਵਨ ਜਿਸ ਦੁਆਰਾ ਅਸੀ ਬੇਅੰਤ ਅਤੇ ਅਪਾਰ ਆਤਮਾਂ ਨਾਲ ਮਿਲੇ, ਹੋਏ ਹਾਂ, ਸਦੀਵ ਹੀ ਆਪਣੇ ਕੰਮ ਵਿਚ ਲਗੀ ਰਹਿੰਦੀ ਹੈ ਅਰ ਨਾਲ ਹੀ ਉਸ ਹਾਲਤ ਵਿਚ ਜਦੋਂ ਕਿ ਸਰੀਰ ਚੁੱਪ ਚਾਪ ਹਾਲਤ ਵਿਚ ਹੁੰਦਾ ਹੈ (ਤੱਤ ਪਰ ਰਹਿੰਦੀ ਹੈ) ਤਾਂ ਫੇਰ ਅੰਤਸ਼-ਕਰਨ ਜਦੋਂ ਕਿ ਕੋਈ ਪੁਰਸ਼ ਸੁੱਤਾ ਹੋਇਆ ਹੋਵੇ ਅਜੇ-ਹੀਆਂ ਹਾਲਤਾਂ ਕਿਉਂ ਨਾਂ ਪੈਦਾ ਕਰੇ, ਭਾਵ ਇਹ ਕਿ ਸਰੀਰ ਤਾਂ ਅਰਾਮ ਵਿਚ ਰਹੇ ਅਰ ਆਪ ਆਤਮਾਂ ਦੁਆਰਾ ਬਰਾਬਰ ਰੌਸ਼ਨੀ ਜਾਂ ਇਲਹਾਮ ਪ੍ਰਾਪਤੰ ਕਰਦਾ ਰਹੇ ਅਰ ਜੋ ਕੁਝ ਪ੍ਰਾਪਤ ਕਰੇ, ਉਸਤੋਂ ਜਾਗ੍ਰਤ ਦਸ਼ਾ ਵਿਚ ਆਪਣੇ ਜੀਵਨ ਤੋਂ ਲਾਭ ਉਠਾਵੇ ? ਹਾਂ ਇਹ ਹੋ ਸਕਦਾ ਹੈ ਅਰ ਬਾਜ਼ੇ ਪੁਰਸ਼ਾਂ ਨੇ ਇਸਤੋਂ ਬਹੁਤ ਲਾਭ ਉਠਾਯਾ ਹੈ ਅਰ ਬਾਜੇ ਵੇਲੇ ਇਸਤਰਾਂ ਆਤਮਾਂ ਦੁਆਰਾ ਬਹੁਤ ਸਾਰੇ ਇਲਹਾਮ ਸੁਤੇ ਅਰ ਕੁਦਰਤੀ ਤੌਰ ਤੇ ਪ੍ਰਾਪਤ ਹੋ ਜਾਂਦੇ ਹਨ, ਕਿਉਂਕਿ ਇਸ ਵੇਲੇ ਬਾਹਰਲੀ ਮਾਇਕ ਸ੍ਰਿਸ਼ਟੀ ਨਾਲੋਂ ਸਾਰੇ ਤਰਾਂ ਦੇ ਆਉਣ ਜਾਣ ਦੇ ਵਸੀਲੇ ਟੁਟ ਜਾਂਦੇ ਹਨ। ਮੈਂ ਓਹਨਾਂ ਪੁਰਸ਼ਾਂ ਨੂੰ ਜਾਣਦਾ ਹਾਂ ਜੋ ਨੀਂਦ ਵਿਚ ਬਹੁਤ ਕੰਮ ਕਰਦੇ ਹਨ ਅਰ ਜਿਸ ਗੱਲ ਨੂੰ ਮਲੂਮ ਕਰਨਾ ਚਾਹੁੰਦੇ ਹਨ, ਉਸਦੀ ਬਾਬਤ ਓਹਨਾਂ ਨੂੰ ਬਹੁਤ ਕੁਝ ਗੱਲਾਂ ਦਾ ਪਤਾ ਲੱਗ ਜਾਂਦਾ ਹੈ। ਇਹ ਤਾਂ ਬਹੁਤ ਸਾਰੇ ਲੋਕਾਂ ਨੂੰ ਮਲੂਮ ਹੈ ਕਿ ਜਦੋਂ ਅਸੀ ਸੌਂਦੇ ਹਾਂ ਅਰ ਆਪਣੇ ਮਨ ਨੂੰ ਇਹ ਆਖ ਦੇਂਦੇ ਹਾਂ ਕਿ ਫਲਾਣੇ ਵੇਲੇ ਜਗਾ ਦੇਵੀਂ, ਤਾਂ ਉਸੇ ਵੇਲੇ ਸਾਡੀ ਅੱਖ ਖੁੱਲ੍ਹ-

ਜਾਂਦੀ ਹੈ। ਕਈ ਵਾਰੀ ਜੋ ਔਖੇ ਸੁਆਲ ਅਸੀ ਜਾਗ੍ਰਤ ਅਵਸਥਾ ਵਿਚ ਹੱਲ ਨਹੀਂ ਕਰ ਸਕਦੇ ਸਾਂ, ਓਹਨਾਂ ਨੂੰ ਅਸਾਂ ਸੁਪਨ ਅਵਸਥਾ ਵਿਖੇ ਹੱਲ ਕਰ ਲੀਤਾ।

ਮੇਰੇ ਇਕ ਪ੍ਰਸਿੱਧ ਅਖਬਾਰ ਲਿਖਨ ਵਾਲੇ ਮਿੱਤ੍ਰ ਨੇ ਇਸਤਰਾਂ ਇਕ ਲੰਮਾ ਚੌੜਾ ਅਖਬਾਰ ਦਾ ਮਜ਼ਮੂਨ ਆਪਣੇ ਅੰਤਸ਼ਕਰਨ ਵਿਚ ਸਾਫ ਸਾਫ ਅਰ ਪੂਰਨ ਰੀਤੀ ਨਾਲ ਖਿਠਾ ਲੀਤਾ, ਓਹ ਵਸ਼ੇਸ਼ ਕਰਕੇ ਇਸੇ ਵਸੀਲੇ ਤੋਂ ਮੱਦਦ ਲਿਆ ਕਰਦਾ ਹੈ। ਅਖਬਾਰ ਦੇ ਪ੍ਰਬੰਧਕ ਐਡੀਟਰ ਨੇ ਇਕ ਦਿਹਾੜੇ ਸੰਧਿਆ ਵੇਲੇ ਉਸ ਸਜਣ ਨੂੰ ਆਖਿਆ ਕਿ ਤੁਸੀ ਇਹ ਮਜ਼ਮੂਨ ਸਵੇਰੇ ਤਿਆਰ ਕਰ ਰੱਖਣਾ, ਉਸ ਮਜ਼ਮੂਨ ਵਿਚ ਲੋੜ ਤੋਂ ਵਧ੍ਕੇ ਖਿਆਲ ਰੱਖਨ ਦੀ ਲੋੜ ਸੀ ਅਰ ਨਾਲ ਹੀ ਵਾਰਦਾਤ ਦੀ ਗਿਆਤ ਭੀ ਲੋੜੀਦੀ ਸੀ, ਉਸ ਮਾਮਲੇ ਵਿਚ ਉਸਨੂੰ ਪਤਾ ਕੁਝ ਭੀ ਨਹੀਂ ਸੀ ਅਰ ਜਿੰਨਾ ਉਸਨੇ ਉਸ ਸੰਬੰਧੀ ਜਾਣੂ ਹੋਨ ਦਾ ਯਤਨ ਕੀਤਾ, ਓਹ ਕੁਝ ਭੀ ਲਾਭਕਾਰੀ ਨਾਂ ਹੋਇਆ।

ਓਹ ਉਸ ਮਜ਼ਮੂਨ ਨੂੰ ਸੋਚਨ ਅਤੇ ਲਿਖਨ ਵਾਸਤੇ ਬੈਠਾ, ਪਰ ਅਜਿਹਾ ਮਲੂਮ ਹੁੰਦਾ ਸੀ ਕਿ ਉਸਦੀਆਂ ਸੋਚਨ ਦੀਆਂ ਸ਼ਕਤੀਆਂ ਉਸਨੂੰ ਜਵਾਬ ਦੇਈ ਬੈਠੀਆਂ ਹਨ, ਪ੍ਰਤੱਖ ਅਸਫਲਤਾ ਨਜ਼ਰ ਆਉਂਦੀ ਸੀ, ਹਾਰ ਕੇ ਨਿਰਾਸ ਹੋਕੇ ਉਸਨੇ ਸੌਣ ਦਾ ਪੱਕਾ ਇਰਾਦਾ ਕਰ ਲੀਤਾ ਅਰ ਇਸ ਮਜ਼ਮੂਨ ਨੂੰ ਐਸੀ ਤਰਾਂ ਮਨ ਵਿਚ ਰੱਖਕੇ ਕਿ ਨੀਂਦ ਵਿਚ ਉਸਨੂੰ ਵਧੀਕ ਤੋਂ ਵਧੀਕ ਮੱਦਦ ਮਿਲ ਸਕੇ, ਓਹ ਸੌਂ ਗਿਆ ਅਰ ਸਵੇਰ ਤਾਈਂ ਖਬ ਡੂੰਘੀ

ਨਿੰਦ੍ਰਾ ਵਿਖੇ ਸੁੱਤਾ ਰਿਹਾ। ਜਦੋਂ ਓਹ ਸੌਂ ਕੇ ਉਠਜਾ ਤਾਂ ਸਭ ਤੋਂ ਪੈਹਲਾਂ ਬੀਤੀ ਹੋਈ ਸੰਧਿਆ ਦਾ ਕੰਮ ਉਸਦੇ ਅੰਤਸ਼ਕਰਨ ਵਿਖੇ ਆਇਆ, ਓਹ ਕੁਝਕੁ ਮਿੰਟਾਂ ਤਕ ਤਾਂ ਚੁੱਪ ਚਾਪ ਪਿਆ ਰਹਾ ਅਰ ਜਦੋਂ ਓਹ ਇਸਤਰਾਂ ਪਿਆ ਹੋਯਾ ਸੀ, ਤਾਂ ਇਉਂ ਮਲੂਮ ਹੋਇਆ ਕਿ ਓਹ ਮਜ਼ਮੂਨ ਪੂਰਨ ਰੀਤੀ ਨਾਲ ਆਦ ਤੋਂ ਅੰਤ ਤਕ ਲਿਖਿਆ ਲਿਖਾਯਾ ਉਸਦੇ ਅੰਤਸ਼ਕਰਨ ਦੇ ਸਾਹਮਣੇ ਆਨ ਮੌਜੂਦ ਹੋਇਆ ਹੈ, ਓਹ ਉਸ ਸਾਰੇ ਨੂੰ ਪੜ੍ਹ ਗਿਆ ਅਰ ਬਿਸਤ੍ਰੇ ਤੋਂ ਉੱਠਜਾ ਅਤੇ ਬਿਨਾਂ ਕੱਪੜੇ ਪੈਹਨਨ ਦੇ ਕਲਮ ਲੈਕੇ ਉਸਨੂੰ ਕਾਗਜ਼ ਤੇ ਲਿਖ ਲੀਤਾ, ਮਾਨੋਂ ਅਸਲ ਵਿਚ ਉਸਨੇ ਆਪਣੇ ਵਾਸਤੇ ਕੇਵਲ ਇਕ ਨਕਲ ਨਵੀਸ ਦਾ ਕੰਮ ਕੀਤਾ ਹੈ।

ਜਦੋਂ ਕਿ ਮਨ ਕਿਸੇ ਖਾਸ ਪਾਸੇ ਵਲ ਲੱਗ ਰਿਹਾ ਹੋਵੇ, ਓਹ ਬਰਾਬਰ ਉਸੇ ਖਿਆਲ ਦੀ ਲੜੀ ਨੂੰ ਤਦੋਂ ਤਾਈਂ ਸੋਚਦਾ ਰਹੇਗਾ, ਜਦੋਂ ਤਾਈਂ ਕਿ ਕੋਈ ਹੋਰ ਸ਼ੈ ਉਸਦੇ ਖਿਆਲ ਨੂੰ ਹੋਰ ਪਾਸੇ ਨਾਂ ਲੈ ਜਾਏ, ਅਰ ਜਦ ਨੀਂਦ ਵਿਚ ਹੁੰਦਾ ਹੈ ਤਾਂ ਕੇਵਲ ਸਰੀਰ ਹੀ ਚੁੱਪ ਚਾਪ (ਜੜ੍ਹ) ਪਿਆ ਹੁੰਦਾ ਹੈ, ਓਸ ਵੇਲੇ ਮਨ ਅਤੇ ਆਤਮਾਂ ਲਗਾਤਾਰ ਆਪਣਾ ਬਿਵਹਾਰ ਕਰਦੇ ਰਹਿੰਦੇ ਹਨ, ਇਸ ਵਾਸਤੇ ਸੌਣ ਦੀ ਹਾਲਤ ਵਿਚ ਜਦੋਂ ਕਿ ਮਨ ਨੂੰ ਇਕ ਖਾਸ ਪਾਸੇ ਲਾਇਆ ਜਾਵੇ, ਤਾਂ ਓਹ ਉਸੇ ਪਾਸੇ ਵਲ ਚਲਾ ਜਾਵੇਗਾ ਅਰ ਸਮੇਂ ਸਿਰ ਜੇ ਅਸੀ ਚਾਹੀਏ, ਤਾਂ ਓਹ ਆਪਣੇ ਕਰਤੱਵਾਂ ਦੇ ਸਿੱਟੇ ਨੂੰ ਪ੍ਰਗਟ ਕਰ ਦੇਵੇਗਾ। ਬਾਜੇ ਪੁਰਸ਼ ਤਾਂ ਇਸ ਪ੍ਰਕਾਰ ਦੇ ਭਾਵ ਬਹੁਤ ਛੇਤੀ ਪੈਦਾ

ਕਰ ਸਕਦੇ ਹਨ ਅਰ ਥਾਜਿਆਂ ਨੂੰ ਓਹਨਾਂ ਦੇ ਪੈਦਾ ਕਰਨ ਵਿਖੇ ਚਿਰ ਲੱਗਦਾ ਹੈ, ਚੁੱਪ ਚਾਪ ਅਤੇ ਲਗਾਤਾਰ ਯਤਨ ਕਰਨ ਤੋਂ ਇਹ ਸ਼ਕਤੀ ਵਧ ਜਾਂਦੀ ਹੈ।

ਇਸ ਵਾਸਤੇ ਅੰਤਸ਼ਕਰਨ ਦੀ ਆਕਰਖਣ ਸ਼ਕਤੀ ਦੇ ਨਿਯਮ ਦੁਆਰਾ ਅੰਤਸ਼ਕਰਨ ਦੇ ਸਦੀਵ ਤੱਤ ਪਰ ਰਹਿਣ ਕਰਕੇ ਸੁਪਨ ਅਵਸਥਾ ਵਿਖੇ ਸਾਨੂੰ ਇਸ ਪ੍ਰਕਾਰ ਦੇ ਖਿਆਲ ਆਉਂਦੇ ਰਹਿੰਦੇ ਹਨ, ਜੋ ਸੌਣ ਤੋਂ ਪੈਹਲਾਂ ਜਾਗਨ ਦੀ ਹਾਲਤ ਵਿਚ ਆਉਂਦੇ ਸਨ। ਇਸ ਤ੍ਰੀਕੇ ਨਾਲ ਅਸੀ ਜਿਸਤਰਾਂ ਦੇ ਖਿਆਲ ਅਤੇ ਅਸਰ ਪੈਦਾ ਕਰਨੇ ਚਾਹੀਏ, ਓਹਨਾਂ ਹੀ ਵਿਖੇ ਆਪਣੇ ਚਿੱਤ ਅਤੇ ਸੁਭਾਉ ਨੂੰ ਲਾ ਸਕਦੇ ਹਾਂ ਅਰ ਇਸ ਵਾਸਤੇ ਸੁਪਨ ਅਵਸਥਾ ਵਿਚ ਬਹੁਤ ਕੁਝ ਲਾਭ ਉਠਾ ਸਕਦੇ ਹਾਂ! ਸਾਡੀਆਂ ਅੰਦ੍ਰਲੀਆਂ ਸ਼ਕਤੀਆਂ ਸੁਪਨ ਅਵਸਥਾ ਵਿਖੇ ਵਧੇਰੇ ਅਸਰ ਕਬੂਲ ਕਰਨ ਵਾਲੀਆਂ ਹੁੰਦੀਆਂ ਹਨ ਅਰ ਵਧੇਰੇ ਸੁਤੰਤ੍ਰਤਾ ਨਾਲ ਵਿਹਾਰ ਕਰਦੀਆਂ ਹਨ, ਜਾਗ੍ਰਤ ਅਵਸਥਾ ਵਿਚ ਓਨਾਂ ਨਹੀਂ ਕਰਦੀਆਂ। ਤਾਂਤੇ ਸਿੱਧ ਹੋਇਆ ਕਿ ਜਦੋਂ ਅਸੀ ਸੌਂਦੇ ਹਾਂ, ਸਾਨੂੰ ਏਸ ਗੱਲ ਦਾ ਬਹੁਤ ਬੜਾ ਧਿਆਨ ਰੱਖਣਾ ਲੋੜੀਦਾ ਹੈ ਕਿ ਕਿਸਤਰਾਂ ਦੇ ਖਿਆਲ ਸਾਡੇ ਅੰਤਸ਼ਕਰਨ ਵਿਖੇ ਆਉਂਦੇ ਰਹਿੰਦੇ ਹਨ, ਕਿਉਂਕਿ ਸਾਡੇ ਅੰਦ੍ਰ ਖਿਆਲਾਂ ਦੀ ਲੜੀ ਦੇ ਅਨੁਸਾਰ ਹੀ ਖਿਆਲ ਆਉਣਗੇ, ਇਹ ਸਭ ਨਿਰਾ ਪੂਰਾ ਸਾਡੇ ਆਪਣੇ ਹੀ ਅਖਤਿਆਰ ਵਿਚ ਹੈ।

ਇਸ ਕਾਰਨ ਕਰਕੇ ਕਿ ਇਸ ਹਾਲਤ ਵਿਚ

ਵਧੇਰੇ ਖਿਆਲ ਆਉਂਦੇ ਰਹਿੰਦੇ ਹਨ, ਅਸੀ ਇਸ ਕਾਨੂਨ ਦੇ ਸਮਝਨ ਅਤੇ ਵਰਤੋਂ ਵਿਚ ਲਿਆਉਣ ਤੋਂ ਇਸ ਤ੍ਰੀਕੇ ਨਾਲ ਬਹੁਤ ਛੇਤੀ ਲਾਭ ਉਠਾ ਸਕਦੇ ਹਾਂ ਅਰ ਏਨਾਂ ਲਾਭ ਉਸ ਹਾਲਤ ਵਿਚ ਨਹੀਂ ਉਠਾ ਸਕਦੇ, ਜਦੋਂ ਕਿ ਕੁਦਰਤੀ ਇੰਦ੍ਰੇ ਸਾਡੇ ਆਸ ਪਾਸ ਦੀ ਮਾਇਕ ਸ੍ਰਿਸ਼ਟੀ ਤੇ ਖੁਲਮਖੁੱਲਾ ਅਮਲ ਕਰ ਰਹੇ ਹੋਣ। ਬਹੁਤ ਸਾਰੇ ਪੁਰਸ਼ਾਂ ਵਾਸਤੇ ਨਿਮਨ ਲਿਖਤ ਅਭਿਆਸ ਅਤੀ ਹੀ ਲਾਭਕਾਰੀ ਹੋਵੇਗਾ:—ਜਦੋਂ ਤੁਸਾਨੂੰ ਕਿਸੇ ਖਾਸ ਪ੍ਰਕਾਰ ਦੇ ਇਲਹਾਮ ਜਾਂ ਗਿਆਨ ਦੀ ਲੋੜ ਹੁੰਦੀ ਹੈ, ਜਿਸ ਇਲਹਾਮ ਜਾਂ ਗਿਆਨ ਦਾ ਹੋਣਾ ਤੁਸੀ ਆਪਣੇ ਵਾਸਤੇ ਯੋਗ ਅਤੇ ਉਚਿੱਤ ਸਮਝਦੇ ਹੋਵੋ, ਜਿਹਾ ਕਿ ਦ੍ਰਿਸ਼ਟਾਂਤ ਮਾਤ੍ਰ:—"ਇਕ ਸ਼ੁਬ੍ਹੇ ਵਾਲੀ ਅਰ ਸ਼ੱਕ ਵਾਲੀ ਕਾਰ-ਰਵਾਈ ਵਿਖੇ ਇਲਹਾਮ ਦਾ ਹੋਣਾ ਤੁਸਾਨੂੰ ਲੋੜੀਦਾ ਹੈ, ਤਾਂ ਜਦੋਂ ਤੁਸੀ ਸੌਣ ਲੱਗੋ ਪੈਹਲਾਂ ਆਪਣੇ ਅੰਤਸ਼ਕਰਨ ਵਿਖੇ ਸਰਵ ਸ੍ਰਿਸ਼ਟੀ ਲਈ ਭਲਿਆਈ ਅਤੇ ਨੇਕੀ ਦੀ ਨੀਯਤ ਰੱਖੋ, ਇਸਤਰਾਂ ਕਰਨ ਤੋਂ ਤੁਸੀ ਆਪਣੇ ਆਪ ਨੂੰ ਸਾਰਿਆਂ ਨਾਲ ਪਿਆਰ ਕਰਨ ਵਾਲੀ ਤੇ ਹਿਤੂ ਹਾਲਤ ਵਿਚ ਲਿਆਉਂਦੇ ਹੋ ਅਰ ਉਸਦੇ ਬਦਲੇ ਆਪਣੇ ਵੱਲ ਉਸੇ ਤਰਾਂ ਦੀਆਂ ਸ਼ਾਂਤ ਹਾਲਤਾਂ ਨੂੰ ਆਕਰਖਣ ਕਰਦੇ (ਖਿੱਚਦੇ) ਹੋ।" ਫੇਰ ਏਸ ਅਮਨ ਦੀ ਹਾਲਤ ਵਿਚ ਰੰਹਿ ਕੇ ਜਿਸ ਚੀਜ਼ ਦੇ ਇਲਹਾਮ ਜਾਂ ਉਸਦੇ ਗਿਆਨ ਦੀ ਤੁਹਾਨੂੰ ਲੋੜ ਹੈ, ਉਸਦੇ ਵਾਸਤੇ ਚੁਪ ਅਤੇ ਸ਼ਾਂਤੀ ਨਾਲ ਆਪਣੀ ਡਾਢੀ ਸਿੱਕ ਪ੍ਰਗਟ ਕਰੋ, ਇਸਤਰਾਂ ਦੇ ਡਰ ਅਤੇ ਅੰਦੇਸ਼ੇ

—ਕਿ ਖਬਰੇ ਇਹ ਇਲਹਾਮ ਜਾਂ ਗਿਆਨ ਹੋਵੇ ਕਿ ਨਾਂ ਹੋਵੇ—ਆਪਣੇ ਅੰਤਸ਼ਕਰਨ ਥੀਂ ਦੂਰ ਕਰ ਦਿਓ, ਕਿਉਂਕਿ ਜਿੰਨੀ ਸ਼ਾਂਤੀ ਅਤੇ ਭਰੋਸੇ ਨਾਲ ਤੁਸੀ ਕੰਮ ਕਰੋਗੇ, ਓਨੀ ਹੀ ਤੁਸੀ ਜ਼ਰੂਰ ਸਫਲਤਾ ਪ੍ਰਾਪਤ ਕਰੋਗੇ। ਮਨ ਨੂੰ ਆਸ ਦੀ ਹਾਲਤ ਵਿਚ ਰੱਖੋ ਅਤੇ ਏਸ ਗੱਲ ਤੇ ਪੱਕਾ ਵਿਸਵਾਸ ਕਰੋ ਅਰ ਭਰੋਸਾ ਰੱਖੋ ਕਿ ਜਦੋਂ ਤੁਸੀ ਜਾਗੋ ਤਾਂ ਤੁਹਾਡੇ ਮੰਨ ਚਿੰਦੇ ਭਾਵ ਤੁਹਾਨੂੰ ਪ੍ਰਾਪਤ ਹੋਨਗੇ, ਫੇਰ ਜਦੋਂ ਤੁਸੀ ਜਾਗੋ ਤਾਂ ਅਜਿਹਾ ਨਾਂ ਹੋਵੇ ਕਿ ਬਾਹਯ ਸ੍ਰਿਸ਼ਟੀ ਦੇ ਕਿਸੇਤਰਾਂ ਦੇ ਖਿਆਲ ਜਾਂ ਪ੍ਰੇਰਨਾਂ ਤੋਂ ਤੁਹਾਡਾ ਧਿਆਨ ਹਟ ਜਾਵੇ, ਸਗੋਂ ਕੁਝ ਚਿਰ ਤਾਈਂ ਅੰਦ੍ਰਲੇ ਚਿੱਤ੍ਰ ਅਤੇ ਸੰਕਲਪ ਆਦਕਾਂ ਨੂੰ ਬਰਾਬਰ ਆਉਣ ਦਿਓ ਅਰ ਓਹਨਾਂ ਤੇ ਵਿਚਾਰ ਕਰੋ। ਜਦੋਂ ਏਹ ਅੰਦ੍ਰਲੇ ਖਿਆਲ ਆ ਜਾਵਨ ਅਰ ਸਾਫ ਸਾਫ ਪ੍ਰਗਟ ਹੋ ਜਾਣ, ਤਾਂ ਓਹਨਾਂ ਤੇ ਝੱਟ ਪਟ ਅਮਲ ਕਰੋ, ਜਿੰਨਾ ਤੁਸੀ ਇਉਂ ਕਰੋਗੇ ਓਨਾਂ ਇਸ ਗੱਲ ਨੂੰ ਵਧੇਰੇ ਸਫਲਤਾ ਨਾਲ ਕਰ ਲੈਣ ਦੀ ਸ਼ਕਤੀ ਵਧਦੀ ਜਾਵੇਗੀ।

ਜਾਂ ਜੇ ਕਿਸੇ ਨਿਸਕਾਮ ਕਾਮਨਾਂ ਨੂੰ ਮੁਖ ਰੱਖ ਕੇ ਤੁਸੀ ਆਪਣੀਆਂ ਸ਼ਕਤੀਆਂ ਨੂੰ ਵਧਾਣਾ ਅਤੇ ਓਹਨਾਂ ਨੂੰ ਬਲ ਦੇਣਾ ਚਾਹੋ, ਜਾਂ ਆਪਣੇ ਸਰੀਰ ਦੀ ਅਰੋਗਤਾ ਅਤੇ ਬਲ ਨੂੰ ਤ੍ਰਕੀ ਦੇਣੀ ਚਾਹੋ, ਤਾਂ ਉਸਦੇ ਅਨੁਸਾਰ ਅੰਤਸ਼ਕਰਨ ਦੀ ਹਾਲਤ ਬਨਾਓ ਅਰ ਤੁਹਾਡੀਆਂ ਖਾਸ ਲੋੜਾਂ ਜਾਂ ਕਾਮਨਾਂ ਦੇ ਅਨੁਸਾਰ ਉਸ ਹਾਲਤ ਦੀ ਸੂਰਤ ਆਪਣੇ ਆਪ ਤੁਹਾਨੂੰ ਸੁੱਝ ਜਾਵੇਗੀ। ਇਸ ਤ੍ਰੀਕੇ ਨਾਲ ਜਿਸ ਖਾਸ ਪ੍ਰਕਾਰ ਦੀਆਂ ਸ਼ਕਤੀਆਂ ਤੋਂ ਇਹ ਸਿੱਟੇ

ਉਤਪਤ ਹੁੰਦੇ ਹਨ ਓਹਨਾਂ ਵਲ ਤੁਸੀ ਆਪਣੇ ਆਪ ਨੂੰ ਲਾਉਗੇ, ਓਹਨਾਂ ਨਾਲ ਆਪਣਾ ਸੰਬੰਧ ਪ੍ਰਗਟ ਕਰੋਗੇ ਅਰ ਓਹਨਾਂ ਨੂੰ ਹੀ ਆਪਣੇ ਅੰਦਰ. ਵਰਤੋਂ ਵਿਚ ਲਿਆਉਗੇ। ਤੁਸੀ ਆਪਣੀਆਂ ਖਾਹਸ਼ਾਂ ਬੇਧੜਕ ਪ੍ਰਗਟ ਕਰੋ, ਇਸਤਰਾਂ ਤੁਸੀ ਓਹਨਾਂ ਡੋਲਨ ਵਾਲੀਆਂ ਸ਼ਕਤੀਆਂ ਨੂੰ ਵਰਤੋਂ ਵਿਚ ਲਿਆਉਗੇ, ਜੋ ਬਾਹਰ ਜਾਂਦੀਆਂ ਹਨ ਅਰ ਆਪਣਾ ਚਿਤ੍ਰ ਕਿਧਰੇ ਨਾਂ ਕਿਧਰੇ ਜਮਾਂਦੀਆਂ ਹਨ ਅਰ ਜੋ ਆਪ ਹੀ ਚਾਲੂ ਹੋਕੇ ਜਾਂ ਹੋਰ ਸ਼ਕਤੀਆਂ ਦੇ ਨਾਲ ਮਿਲਕੇ ਤੁਹਾਡੀਆਂ ਖਾਹਸ਼ਾਂ ਨੂੰ ਵਰਤੋਂ ਵਿਚ ਲਿਆਉਣਾ ਸ਼ੁਰੂ ਕਰਦੀਆਂ ਹਨ। ਜੋ ਪੁਰਸ਼ ਉੱਚ ਨਿਯਮਾਂ ਅਤੇ ਸ਼ਕਤੀਆਂ ਦੇ ਅਨੁਸਾਰ ਜੀਵਨ ਬਤੀਤ ਕਰਦਾ ਹੈ, ਓਹ ਹਰ ਤਰਾਂ ਦੀ ਨੇਕੀ ਅਰ ਹੱਛੀ ਤੋਂ ਹੱਛੀ ਸ਼ੈ ਪ੍ਰਾਪਤ ਕਰ ਲੈਂਦਾ ਹੈ,ਹੋਰ ਕੋਈ ਹੱਛੀ ਚੀਜ਼ ਉਸਤੋਂ ਦੂਰ ਨਹੀਂ ਰਹਿੰਦੀ। ਜੋ ਮਰਦ ਜਾਂ ਤੀਵੀਂ ਆਪਣੀਆਂ ਕੁਦਰਤੀ ਸ਼ਕਤੀਆਂ ਨੂੰ ਜਾਨਦੇ ਹਨ ਅਰ ਓਹਨਾਂ ਨੂੰ ਸਿਆਣਪ ਨਾਲ ਵਰਤਦੇਹਨ,ਉਨ੍ਹਾਂ ਦੀ ਕੋਈ ਇੱਛਾ ਅਜਿਹੀ ਨਹੀਂ. ਜੋ ਪੂਰੀ ਨਾਂ ਹੋ ਸਕੇਗੀ, ਅਰਥਾਤ ਜੋ ਕੁਝ ਓਹ ਚਾਹੁਣਗੇ ਸੋ ਹੀ ਹੋ ਜਾਵੇਗਾ।

ਜੇ ਤੁਸੀ ਸੌਣ ਵੇਲੇ ਸਾਰਿਆਂ ਵਾਸਤੇ ਕੇਵਲ ਮੁਹੱਬਤ ਅਤੇ ਖੈਰਖਾਹੀ, ਸੁਲ੍ਹਾ ਅਤੇ ਇਤਫ਼ਾਕ ਦੇ ਖਿਆਲ ਪ੍ਰਗਟ ਕਰੋ, ਤਾਂ ਤੁਸੀ ਸ਼ਾਂਤੀ ਅਤੇ ਅਮਨ ਨਾਲ ਸਵੋਂਗੇ, ਨੀਂਦ ਥੀਂ ਤਿਆਰ ਬਰਤਿਆਰ ਹੋਕੇ ਉਠੋਗੇ ਅਰ ਉਸਤੋਂ ਤੁਹਾਡੀ ਮਾਨਸਕ, ਸਰੀਰਕ ਅਤੇ ਆਤਮਕ ਸ਼ਕਤੀ ਵਧ ਜਾਏਗੀ, ਇਸਤਰਾਂ ਕਰਕੇ ਤੁਸੀ ਇਸ

ਸੰਸਾਰ ਦੀਆਂ ਸਾਰੀਆਂ ਅਮਨ ਅਤੇ ਇਕ ਵਾਕ ਪੈਦਾ ਕਰਨ ਵਾਲੀਆਂ ਸ਼ਕਤੀਆਂ ਨਾਲ ਮਿਲਕੇ ਕੰਮ ਕਰ ਰਹੇ ਹੋ।

ਮੇਰਾ ਇਕ ਮਿੱਤ੍ਰ ਹਮਦਰਦੀ ਦੇ ਕੰਮ ਕਰਨ ਕਰਕੇ ਸਾਰੇ ਸੰਸਾਰ ਵਿਖੇ ਮਸ਼ਹੂਰ ਹੈ, ਉਸਨੇ ਮੇਰੇ ਨਾਲ ਗੱਲ ਕੀਤੀ ਕਿ ਮੈਂ ਬਹੁਤ ਵਾਰੀ ਅੱਧੀ ਰਾਤ ਨੂੰ ਅੱਚਨ-ਚੇਤ ਜਾਗ ਉਠਦਾ ਹਾਂ ਅਰ ਮੇਰੇ ਦਿਲ ਅੰਦਰ ਇਲ-ਹਾਮ ਦੇ ਤੌਰ ਤੇ ਮੇਰੇ ਕੰਮ ਸੰਬੰਧੀ ਕੋਈ ਨਾਂ ਕੋਈ ਤਜ-ਵੀਜ਼ ਸੁੱਝ ਪੈਂਦੀ ਹੈ ਅਰ ਜਦੋਂ ਮੈਂ ਚੁੱਪ ਚਾਪ ਪਿਆ ਹੋਇਆ ਏਸ ਤਜਵੀਜ਼ ਨੂੰ ਸੋਚਦਾ ਰਹਿੰਦਾ ਹਾਂ, ਤਾਂ ਉਸ ਤਜਵੀਜ ਨੂੰ ਸਫਲਤਾ ਨਾਲ ਵਰਤੋਂ ਵਿਚ ਲਿਆਉਣ ਦੀਆਂ ਸਾਰੀਆਂ ਜੁਗਤੀਆਂ ਸਾਫ ਸਾਫ ਆਪਣੇ ਆਪ ਮੇਰੇ ਅੰਤਸ਼ਕਰਨ ਵਿਖੇ ਆ ਜਾਂਦੀਆਂ ਹਨ, ਇਸਤਰਾਂ ਨਾਲ ਬਹੁਤ ਸਾਰੀਆਂ ਤਜਵੀਜ਼ਾਂ ਜੋ ਕਦੀ ਖਿਆਲ ਵਿਚ ਭੀ ਆ ਨਹੀਂ ਸਕਦੀਆਂ ਸਨ ਸੁੱਝ ਜਾਂਦੀਆਂ ਹਨ ਅਰ ਪੂਰੀਆਂ ਹੋ ਜਾਂਦੀਆਂ ਹਨ ਅਰ ਇਹ ਗੱਲ ਆਮ ਲੋਕਾਂ ਨੂੰ ਅਸਚਰਜ ਅਤੇ ਇਕ ਤਰਾਂ ਦੀ ਕਰਾਮਾਤ ਪ੍ਰਤੀਤ ਹੁੰਦੀ ਹੈ। ਇਹ ਪੁਰਸ਼ ਛੇਤੀ ਅਨਭਵ ਕਰਨ ਵਾਲਾ ਹੈ ਅਰ ਉੱਚ ਤੋਂ ਉੱਚ ਨਿਯਮਾਂ ਦੇ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ ਅਰ ਜੋ ਕੰਮ ਉਸਨੇ ਸ਼ੁਰੂ ਕੀਤਾ ਹੈ ਉਸ ਵਿਖੇ ਤਨ ਮਨ ਧਨ ਕਰਕੇ ਸਿਰ ਸੁੱਟ ਯਤਨ ਕਰਦਾ ਰਹਿੰਦਾ ਹੈ ਅਰ ਓਹ ਇਸ ਗੱਲ ਨੂੰ ਪੂਰੀ ਤਰਾਂ ਨਹੀਂ ਜਾਣਦਾ ਕਿ ਇਹ ਇਲਹਾਮ ਜਾਂ ਅਕਾਸ਼ ਬਾਣੀ ਉਸਨੂੰ ਕਿਸਤਰਾਂ ਹੁੰਦੇ ਹਨ ਅਰ ਇਹ

ਅਵਾਜ਼ਾਂ ਕਿੱਥੋਂ ਆਉਂਦੀਆਂ ਹਨ।ਇਸ ਗੱਲ ਨੂੰ ਅਸਲ ਵਿਚ ਕੋਈ ਭੀ ਨਹੀਂ ਜਾਨ ਸਕਦਾ, ਭਾਵੇਂ ਹਰ ਇਕ ਪੁਰਸ਼ ਆਪਣਾ ਆਪਣਾ ਕਿਆਸ ਘੜ ਲਵੇ, ਪਰ ਅਸੀ ਕੇਵਲ ਏਨਾਂ ਜਾਣਦੇ ਹਾਂ ਅਰ ਇਸ ਵੇਲੇ ਏਨਾਂ ਹੀ ਜਾਨਨਾ ਉਚਿੱਤ ਹੈ ਕਿ ਜੋ ਪੁਰਸ਼ ਆਪਣੇ ਜੀਵਨ ਦੇ ਉੱਚ ਨਿਯਮਾਂ ਦੇ ਅਨੁਸਾਰ ਜੀਵਨ ਬਤੀਤ ਕਰਦਾ ਹੈ ਅਰ ਹਰ ਇਕ ਗੱਲ ਵਿਚ ਓਹਨਾਂ ਦੀ ਸਿੱਖਿਆ ਨੂੰ ਧਿਆਨ ਨਾਲ ਸੁਣਦਾ ਰਹਿੰਦਾ ਹੈ, ਤਾਂ ਇਹ ਕਾਨੂੰਨ ਉਸ ਪੁਰਸ਼ ਨੂੰ ਸਿੱਖਿਆ ਕਰਦੇ ਰਹਿੰਦੇ ਹਨ।

ਅਤ੍ਯੰਤ ਉੱਚ ਵਿਚਾਰ ਅਰ ਇਲਹਾਮ ਅਸਾਡੇ ਅੰਦਰ ਉੱਨੇ ਹੀ ਹੋਣਗੇ ਜਿੰਨਾ ਅਸੀ ਓਹਨਾਂ ਦੇ ਆਉਣ ਵਾਸਤੇ ਯੋਗ ਸ਼ਰਤਾਂ ਪੈਦਾ ਕਰੀਏ। ਜਿਸ ਪੁਰਸ਼ ਨੇ ਏਸ ਮਜ਼ਮੂਨ ਨੂੰ ਹੱਛੀ ਤਰਾਂ ਪੜ੍ਹਿਆ ਹੈ, ਉਸਦਾ ਕਥਨ ਹੈ :"ਇਹ ਇਕ ਠੀਕ ਠੀਕ ਅਤੇ ਸੱਚੀ ਪ੍ਰੀਖਿਆ ਹੈ ਕਿ ਜਦੋਂ ਸਰੀਰ ਸੁੱਤਾ ਪਿਆ ਹੋਵੇ, ਤਾਂ ਉਸ ਵੇਲੇ ਆਤਮਿਕ ਰੀਤੀ ਨਾਲ ਹੀ ਵਿੱਦਿਆ ਪ੍ਰਾਪਤ ਹੋ ਸਕਦੀ ਹੈ ਅਰ ਸਾਡੇ ਵਿਚੋਂ ਬਹੁਤ ਸਾਰੇ ਪੁਰਸ਼ਾਂ ਨੂੰ ਇਹ ਵਿਦਯਾ ਠੀਕ ਠੀਕ ਅਰ ਪੂਰਨ ਤਸੱਲੀ ਨਾਲ ਪ੍ਰਾਪਤ ਹੁੰਦੀ ਰਹੇਗੀ। ਜੇ ਅਸੀ ਅੰਦ੍ਰਲੀਆਂ ਹਾਲਤਾਂ ਤੇ ਜ਼ਿਆਦਾ ਧਿਆਨ ਦੇਵੀਏ ਅਰ ਬਾਹਰਲੀਆਂ ਹਾਲਤਾਂ ਅਰ ਓਹਨਾਂ ਦੀਆਂ ਕਲਪਿਤ ਅਰ ਬੁਨਾਵਟੀ ਲੋੜਾਂ ਦਾ ਖਿਆਲ ਰੱਖੀਏ। ਜਿਹੋ ਸਾਡੇ ਖਿਆਲ ਹੋਣਗੇ ਉਜਿਹੇ ਹੀ ਅਸੀ ਇਸ ਸੰਸਾਰ ਵਿਚ ਹਾਂ ਅਰ ਪ੍ਰਲੋਕ ਵਿਚ ਭੀ ਉਜਿਹੇ ਹੀ ਹੋਵਾਂਗੇ, ਅਰ ਦਿਨ ਨਾਲੋਂ ਰਾਤ ਵੇਲੇ ਸਾਨੂੰ

ਬਹੁਤ ਸਾਰੇ ਵਧੀਕ ਖਿਆਲ ਆਉਂਦੇ ਰਹਿੰਦੇ ਹਨ, ਕਿਉਂਕਿ ਜਦੋਂ ਅਸੀ ਬਾਹਰਲੀ ਸ੍ਰਿਸ਼ਟੀ ਤੋਂ ਸੁੱਤੇ ਹੋਈਏ, ਤਾਂ ਅੰਤ੍ਰੀਵ ਸ੍ਰਿਸ਼ਟੀ ਵੱਲ ਜਾਗਦੇ ਰਹਿ ਸਕਦੇ ਹਾਂ ਅਰ ਅਦ੍ਰਿਸ਼ਜ ਸ੍ਰਿਸ਼ਟੀ ਇਕ ਸੱਚੀ ਅਤੇ ਅਸਲੀ ਠੌਰ ਹੈ, ਜਿੱਥੇ ਕੇਵਲ ਮਾਨਸਕ ਅਤੇ ਇਖਲਾਕੀ ਖਿਆਲਾਂ ਤੋਂ ਹੀ ਕੰਮ ਲਿਆ ਜਾਂਦਾ ਹੈ। ਜਦੋਂ ਅਸਾਡੇ ਬਾਹਜ ਇੰਦ੍ਰੇ ਵਿਖਿਆਂ ਵਿਚ ਪਰਵਿਰਤ ਨਾਂ ਹੁੰਦੇ ਹੋਣ ਤਦੋਂ ਅਸੀ ਬੱਧੀ ਦੇ ਅੰਦ੍ਰਲੇ ਰਸਤਿਆਂ ਤੋਂ ਵਿਦਜਾ ਪ੍ਰਾਪਤ ਕਰਦੇ ਰਹਿੰਦੇ ਹਾਂ ਅਰ ਜਦੋਂ ਇਹ ਸਚਾਈ ਠੀਕ ਠੀਕ ਸਮਝ ਵਿਚ ਆ ਜਾਏਗੀ, ਤਾਂ ਆਮ ਲੋਕ ਇਹ ਕਰਿਆ ਕਰਨਗੇ ਕਿ ਜਿਸ ਮਜ਼ਮੂਨ ਦੇ ਬਾਰੇ ਵਿਚ ਓਹ ਖਾਸ ਵਾਕਫੀ ਅਤੇ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹੋਣ, ਉਸ ਖਾਸ ਮਜਮੂਨ ਨੂੰ ਆਪਣੇ ਅੰਤਸ਼ਕਰਨ ਵਿਚ ਰੱਖਕੇ ਸਵਨਗੇ। ਜੋ ਪੁਰਸ਼ ਫਰਾਊਨ ਵਰਗਾ ਹੈ, ਉਸਨੂੰ ਸੁਪਨੇ ਆਉਂਦੇ ਰਹਿੰਦੇ ਹਨ ਅਰ ਉਸੇ ਤਰਾਂ ਉਸਦੇ ਪਾਣੀ ਪਿਆਨ ਵਾਲੇ ਅਤੇ ਰਸੋਈਏ ਨੂੰ ਭੀ ਸੁਪਨੇ ਆਉਂਦੇ ਰਹਿੰਦੇ ਹਨ, ਪਰ ਜੋ ਪੁਰਸ਼ ਯੂਸਫ ਵਰਗੀਆਂ ਸਿਫਤਾਂ ਦਾ ਮਾਲਕ ਹੈ, ਜਾਂ ਇਹ ਆਖੋ ਕਿ ਈਸ਼੍ਵਰ ਦਾ ਨਿਕਟ ਵਰਤੀ ਹੈ, ਉਸਨੂੰ ਕੇਵਲ ਸੁਪਨੇ ਹੀ ਨਹੀਂ ਆਉਂਦੇ ਰਹਿੰਦੇ, ਸਗੋਂ ਓਹ ਉਨਾਂ ਦਾ ਨਿਰਣਾ ਭੀ ਕਰਦਾ ਹੈ, ਭਾਵ ਇਹ ਕਿ ਓਹਨ੍ਹਾਂ ਦੀ ਅਸਲੀਅਤ ਨੂੰ ਸਮਝਦਾ ਅਤੇ ਓਹਨਾਂ ਤੋਂ ਲਾਭ ਉਠਾਂਦਾ ਹੈ। ਪਰ ਹੁਣ ਇਹ ਸੁਆਲ ਹੈ ਕਿ ਫਰਾਊਨ ਨੂੰ ਆਪਣੇ ਸੁਪਨੇ ਦੇ ਸਮਝਣ ਦੀ ਸ਼ਕਤੀ ਕਿਉਂ ਪ੍ਰਾਪਤ ਨਹੀਂ ਹੈ ? ਅਤੇ ਯੂਸਫ ਨੂੰ

ਕਿਉਂ ਸੱਚੀ ਦਿੱਬਜ ਦ੍ਰਿਸ਼ਟੀ ਸੀ ? ਇਸਦਾ ਕੀ ਕਾਰਨ ਹੈ ਕਿ ਹਜ਼ਰਤ ਯੂਸਫ ਨੂੰ ਕੇਵਲ ਸੁਪਨੇ ਹੀ ਨਹੀਂ ਆਉਂਦੇ ਸਨ, ਸਗੋਂ ਓਹਨਾਂ ਵਿਚ ਏਨੀਂ ਤਾਕਤ ਸੀ ਕਿ ਆਪਣੇ ਅਤੇ ਹੋਰਨਾਂ ਲੋਕਾਂ ਦੇ ਸੁਪਨਿਆਂ ਦੀ ਵਿਚਾਰ ਕਰ ਸੱਕਨ ? ਦੁਹਾਂ ਦੇ ਜੀਵਨ ਬ੍ਰਿਤਾਂਤ ਪੜ੍ਹੋ, ਇਹ ਜੀਵਨ ਅਜਿਹੇ ਹਨ ਕਿ ਜੋ ਚਾਹੇ ਸੋ ਪੜ੍ਹ ਸਕਦਾ ਹੈ, ਅਸਲ ਵਿਚ ਭਲੇ ਅਸਰ ਵਾਲਾ ਅਤੇ ਪਵਿਤ੍ਰ ਜੀਵਨ ਬਤੀਤ ਕਰਨਵਿਖੇ ਬਹੁਤ ਕੁਝ ਤਾਕਤ ਹੁੰਦੀਹੈ ਅਰ ਜਿੰਨਾ ਕੋਈ ਆਪਣੇ ਜੀਵਨ ਦੇ ਨਿਯਮਾਂ ਅਨੁਸਾਰ ਠੀਕ ਠੀਕ ਭਲਾ ਜੀਵਨ ਬਤੀਤ ਕਰਦਾਹੈ, ਓਨਾਂਹੀ ਓਹਆਪ ਅਤੀ ਉੱਚ ਦਰਜੇ ਦੀ ਸ਼ਕਤੀ ਅਤੇ ਖੁਸ਼ੀ ਪ੍ਰਾਪਤ ਕਰਦਾ ਹੈ ਅਰ ਸਾਰੇ ਸੰਸਾਰ ਵਾਸਤੇ ਭੀ ਬਹੁਤ ਲਾਭਕਾਰੀ ਹੁੰਦਾ ਹੈ। ਜੇ ਕੋਈ ਪੁਰਸ਼ ਆਪਣੀ ਮਰਜ਼ੀ ਨਾਲ ਹੀ ਦੋਜ਼ਖ (ਨਰਕ) ਵਿਖੇ ਰਹਿਣਾ ਚਾਹੇ ਤਾਂ ਰਹਿ ਸਕਦਾ ਹੈ, ਨਹੀਂ ਤਾਂ ਜੇ ਓਹ ਅਜ ਨਰਕ ਵਿਚ ਰਹਿਣਾ ਨਾਂ ਚਾਹੇ ਤਾਂ ਅਸੰਭਵ ਹੈ ਕਿ ਸ੍ਰਿਸ਼ਟੀ ਦੀਆਂ ਸਾਰੀਆਂ ਤਾਕਤਾਂ ਉਸਨੂੰ ਨਰਕ ਛੱਡਨ ਤੋਂ ਰੋਕ ਸੱਕਨ। ਹਰ ਇਕ ਪੁਰਸ਼ ਜਿਹੜੇ ਦਰਜੇ ਦੇ ਉੱਚ ਸ੍ਵਰਗ ਵਿਚ ਪੁਜਨਾ ਚਾਹੇ ਪੁਜ ਸਕਦਾ ਹੈ ਅਰ ਜਦੋਂ ਓਹ ਉਸ ਦਰਜੇ ਦੇ ਉੱਚ ਸ੍ਵਰਗ ਵਿਚ ਪਹੁੰਚਨ ਦਾ ਇਰਾਦਾ ਕਰ ਲੈਂਦਾ ਹੈ, ਤਾਂ ਸੰਸਾਰ ਦੀਆਂ ਸਾਰੀਆਂ ਉੱਚ ਤਾਕਤਾਂ ਉਸਨੂੰ ਓਸ ਉੱਚ ਪਦਵੀ ਤੇ ਪੁਚਾਨ ਵਿਖੇ ਸਹਾਇਕ ਤੇ ਮੱਦਦਗਾਰ ਹੋ ਜਾਂਦੀਆਂ ਹਨ।

ਦੋਂ ਕੋਈ ਪੁਰਸ਼ ਸੌਂ ਕੇ ਉੱਠਦਾ ਹੈ ਅਤੇ ਹੋਸ਼

ਵਿਚ ਆਉਂਦਾ ਹੈ, ਤਾਂ ਉਸ ਵੇਲੇ ਉਸਦੀ ਹਾਲਤ ਖਾਸ ਕਰਕ ਹਰ ਇਕ ਗੱਲ ਦੇ ਕਬੂਲ ਕਰਨ ਵਾਲੀ ਅਤੇ ਅਸਰ ਗ੍ਰਾਹੀ ਹੁੰਦੀ ਹੈ, ਮਾਇਕ ਸ੍ਰਿਸ਼ਟੀ ਨਾਲ ਸਾਰੇ ਸੰਬੰਧ ਕੁਝ ਚਿਰ ਵਾਸਤੇ ਬੰਦ ਹੋ ਗਏ ਹੁੰਦੇ ਹਨ, ਅੰਤਸ਼ਕਰਨ ਪੇਹਲੇ ਤੋਂ ਵਧੇਰੇ ਸੁਤੰਤ੍ਰ ਅਤੇ ਅਸਲੀ ਹਾਲਤ ਵਿਚ ਹੁੰਦਾ ਹੈ ਅਰ ਕੁਝ ਕੁਝ. ਫੋਟੋ ਗ੍ਰਾਫ ਦੇ ਪਲੇਟ (ਸ਼ੀਸ਼ੇ) ਨਾਲ ਮਿਲਦਾ ਜੁਲਦਾ ਹੈ, ਜਿੱਥੇ ਕਿ ਚਿੱਤ੍ਰ ਆਦਿਕਾਂ ਦੇ ਨਿਸ਼ਾਨ ਬੜੀ ਛੇਤੀ ਕਾਇਮ ਰਹ ਸਕਦੇ ਹਨ। ਇਹੀ ਕਾਰਨ ਹੈ ਕਿ ਇਸਤੋਂ ਪਹਿਲਾਂ ਕਿ ਦਿਹਾੜੀ ਦੇ ਕੰਮ ਧੰਧੇ ਅਤੇ ਪ੍ਰੇਸ਼ਾਨੀਆਂ ਜੋ ਏਹਨਾਂ ਕੰਮਾਂ ਕਰਕੇ ਪ੍ਰਗਟ ਹੁੰਦੀਆਂ ਹਨ ਆਪਣਾ ਅਸਰ ਪੈਦਾ ਕਰਨ, ਬਹੁਤ ਵਾਰੀ ਅਤੀ ਉੱਤਮ ਅਤੇ ਸ੍ਰੱਛ ਖਿਆਲ ਬਹੁਤ ਸਵੇਰੇ ਹੀ ਕਿਸੇ ਪੁਰਸ਼ ਦੇ ਅੰਤਸ਼ਕਰਨ ਵਿਖੇ ਗੱਡ ਜਾਂਦੇ ਹਨ। ਇਹ ਭੀ ਇਕ ਕਾਰਨ ਹੈ ਕਿ ਬਹੁਤ ਸਾਰੇ ਲੋਕ ਉੱਤਮ ਉੱਤਮ ਕੰਮ ਦਿਨ ਦੇ ਸ਼ੁਰੂ ਘੰਟਿਆਂ ਵਿਖੇ ਕਰ ਸਕਦੇ ਹਨ, ਪਰ ਇਹ ਗੱਲ ਇਸ ਵਾਸਤੇ ਭੀ ਲਾਭਕਾਰੀ ਅਤੇ ਵਡਮੁੱਲੀ ਹੈ ਕਿ ਉਸਤੋਂ ਹਰ ਇਕ ਦਿਨ ਦੇ ਜੀਵਨ ਉੱਤੇ ਬੜਾ ਅਸਰ ਪੈਂਦਾ ਹੈ, ਅੰਤਸ਼-ਕਰਨ ਉਸ ਵੇਲੇ ਕਾਗਜ਼ ਦੇ ਕੋਰੇ ਤਖਤੇ ਵਾਂਗ ਹੁੰਦਾ ਹੈ। ਅਸੀ ਉਸ ਸ਼ਾਂਤ,ਸ੍ਵਾਗਤ ਕਾਰੀ ਅਤੇ ਪ੍ਰਭਾਵਵਾਨ ਅੰਮ੍ਰਿਤ ਵੇਲੇ ਤੋਂ ਇਸਤਰਾਂ,ਬਅੰਤ ਲਾਭ ਉਠਾ ਸਕਦੇ ਹਾਂ ਕਿ ਅੰਤਸ਼ਕਰਨ ਦੀਆਂ ਭਿੰਨ੨ਕਾਰਰਵਾਈਆਂਨੂੰ ਅਤੀ ਹੀ ਉੱਚ ਅਤੇ ਯੋਗ ਢੰਗ ਵਲ ਲਗਾਈਏ ਅਰ ਇਸਤਰਾਂ ਨਾਲ ਦਿਨ ਦਾ ਕੰਮ ਸ਼ੁਰੂ ਕਰੀਏ।

ਹਰ ਰੋਜ਼ ਤੜਕ ਸਾਰ ਤਬੀਅਤ ਤਾਜ਼ਾ ਹੁੰਦੀ ਹੈ ਅਰ ਉਸ ਵੇਲੇ ਅਸੀ ਐਸੇ ਹੁੰਦੇ ਹਾਂ ਕਿ ਮਾਨੋਂ ਉਸਵੇਲੇ ਆਪਣਾ ਕਾਰ ਵਿਹਾਰ ਨਵੇਂ ਸਿਰੋਂ ਸ਼ੁਰੂ ਕਰਨ ਲੱਗਦੇ ਹਾਂ। ਹੁਣ ਉੱਕਾ ਹੀ ਸਭ ਕੁਝ ਸਾਡੇ ਵਸ ਵਿਚ ਹੁੰਦਾ ਹੈ ਅਰ ਜਦੋਂ ਸਵੇਰ ਦਾ ਵਕਤ ਅਰ ਉਸਦਾ ਨਵਾਂ ਕੰਮ ਸ਼ੁਰੂ ਹੁੰਦਾ ਹੈ, ਤਾਂ ਸਾਰੀਆਂ ਕੱਲ ਵਾਲੀਆਂ ਗੱਲਾਂ ਨੂੰ ਜਾਨ ਦਿਓ, ਓਹ ਕੱਲ ਹੀ ਹੋ ਗਈਆਂ, ਓਹਨਾਂ ਨਾਲ ਸਾਡਾ ਕੁਝ ਵਾਸਤਾ ਨਹੀਂ। ਵਾਕ ਹੈ :"ਪ੍ਰੀਤ ਨਾਂ ਸਾਥ ਬਤੀਤ ਭਲੀ ਕਿਛ ਹਾਥ ਮਿਲੀ ਨਾਂ ਜਥਾ ਸੁਪਨਾ" "ਜੋ ਕਿਛੁ ਕਰਹਿ ਸੋਈ ਅਬ ਸਾਰ"। ਬੱਸ ਕੇਵਲ ਇਹ ਜਾਨਣਾ ਲੋੜੀਦਾ ਹੈ ਕਿ ਜੋ ਜੀਵਨ ਦਾ ਢੰਗ ਸਾਡਾ ਕੱਲ ਸੀ, ਉਸਤੋਂ ਅੱਜ ਦਾ ਢੰਗ ਨੀਯਤ ਹੋ ਗਿਆ ਹੈ। ਇਸਤੋਂ ਛੁਟ ਜਦੋਂ ਸਵੇਰ ਅਤੇ ਉਸਦਾ ਨਵਾਂ ਕੰਮ ਸ਼ੁਰੂ ਹੋਵੇ, ਉਸ ਵੇਲੇ ਸਾਰੀਆਂ ਕੱਲ ਦੀਆਂ ਭਵਿੱਖਤ ਦੀਆਂ ਗੱਲਾਂ ਦਾ ਕੁਝ ਖਿਆਲ ਨਾਂ ਕਰੋ,ਕਿਉਂਕਿ ਇਨ੍ਹਾਂ ਨਾਲ ਸਾਨੂੰ ਅਜ ਕੁਝ ਕੰਮ ਨਹੀਂ ਪੈਣਾ, ਜਿਹੀ ਕਿ ਕਹਾਵਤ ਹੈ :"ਕੱਲ ਦੀ ਕੱਲ ਵੇਖੀ ਜਾਵੇਗੀ" ਕੇਵਲ ਏਨੀ ਗਿਆਤ ਹੀ ਪੂਰਨ ਹੈ ਕਿ ਜੋ ਢੰਗ ਜੀਵਨ ਦਾ ਅਸੀ ਅੱਜ ਗ੍ਰਹਣ ਕਰਦੇ ਹਾਂ, ਉਸਤੋਂ ਕੱਲ ਦੇ ਜੀਵਨ ਦਾ ਢੰਗ ਮੁਕੱਰਰ ਹੋ ਜਾਏਗਾ।

ਹਰ ਦਿਨ ਨਵੇਂ ਅਰੰਭੇ ਸਮਾਂ। ਹਰ ਪ੍ਰਭਾਤ ਜਗ
ਰਚਿ ਹੈ ਨਵਾਂ। ਥਕੇ ਉਦਾਸੀ ਸੰਗ ਗੁਨਾਹੀ।
ਜਿਤ ਤੁਮਨੇ ਨਹਿ ਲੀਨੋ ਲਾਹੀ। ਅਤਿ ਉੱਤਮ
ਆਸ਼ਾ ਕੋ ਵੇਰਾ। ਇਹੈ ਸੰਭਾਲੋ ਕਰੋ ਨ ਦੇਰਾ।

ਮੁਝ ਹਿਤ ਤਜੋਂ, ਜਜੋਂ ਤੁਮੇ ਉਮੇਦਾ। ਪੂਰਵੈਂ ਸਤਿਗੁਰ ਮੇਟੈ ਖੇਦਾ॥ ਬਿਤੀਆਂ ਗੱਲਾਂ ਸਭ ਬਿਤ ਗਈਆਂ। ਕੰਮ ਭੁਏ–ਅਖਾਂ ਪੁੰਝ ਲਈਆਂ। ਕੱਲ ਦੀਆਂ ਭੁੱਲਾਂ ਕੱਲ ਸੰਭਾਲਨ। ਘਾਉ ਦੁਖਾਲੇ ਲਹੂ ਵਹਾਵਨ। ਕੱਲ ਗਏ, ਭਏ ਸੁਖ ਉਪਜਾਊ। ਜੋ ਬਹਿ ਗਿਆ ਬਹੁਰਿ ਨਹੀਂ ਆਊ। ਜਾਨ ਦਿਓ ਜੋ ਨਹਿ ਧਰ'ਸਾਕੈਂ। ਨਹਿ ਖੋਹ ਸਕੈ ਨਹੀਂ ਸੁਧਰਾਤੈਂ। ਹੇ ਪ੍ਰਭੁ! ਕ੍ਰਿਪਾ ਕਰੋ ਤਿਨ ਬਖਸੋ। ਵਰਤਮਾਨ ਹਮਰੋ ਤਹਿੰ ਕਰਖੋ। ਆਜ ਹਮਾਰਾ ਕੇਵਲ ਆਜੂ। ਆਜ ਤਜਾਗ ਨਹਿ ਹੋਹੁ ਮੁਥਾਜੂ। ਚਮਕਤ ਲਖੋ ਗਗਨ ਚਮਕਾਊ। ਬੰਜਰ ਧਰਤੀ ਭਈ ਸੁਹਾਊ। ਥਕਤ ਅੰਗ ਭਏ ਨਵੇਂ ਨਰੋਏ। ਤ੍ਰੇਲ ਬੂੰਦ ਰਵਿ ਨਿਰਖ ਖਲੋਏ। ਪ੍ਰਭਾਤੀ ਸੁਖ ਲੇਥੇ ਕਾਰਣ। ਭੋਰ ਸੀਤ ਸੌਂ ਭੇ ਇਕ ਸਾਰਨ। ਹਰ ਦਿਨ ਨਵਾਂ ਅਰੰਭੇ ਸਮਾਂ। ਸੁਨ ਮੇਰੀ ਜਾਨ! ਜੀਤ ਸੁਖ ਸਨਾਂ। ਤਜੋ ਉਦਾਸੀ ਪਾਛਲ ਸਾਰੀ। ਅਉਚ ਗੁਨਾਹ ਬਿਤੇ, ਦਿਹੁ ਡਾਰੀਂ। ਚਿਤਵਤਿ ਪ੍ਰੇਸ਼ਾਨੀਆਂ ਜੋਈ। ਸੰਭਵ ਦੁਖ ਭੁਲਾਵੋ ਤਜੋਈ। ਇਸੀ ਦਿਵਸ ਮੋਂ ਮਨਹਿ ਲਗਾਵੋ। ਮੁੜ ਕਰਿ ਕਾਰ ਅਰੰਭ ਕਰਾਵੋ॥

ਅੱਜ ਦੇ ਨਵੇਂ ਦਿਹਾੜੇ ਦਾ ਕੇਵਲ ਪੇਹਲਾ ਘੰਟਾ ਸਣੇਂ ਉਸਦੀਆਂ ਸਾਰੀਆਂ ਵਡਿਆਈਆਂ ਅਤੇ ਮਾਨ ਦੇ ਅਰ ਸਣੇਂ ਉਸਦੀਆਂ ਸਾਰੀਆਂ ਉੱਚ ਸੰਭਵ ਸ਼ਕਤੀਆਂ ਦੇ ਜੋ ਅੱਗੋਂ ਹੋਣ ਵਾਲੀਆਂ ਹੋਣ ਅਰ ਹਰ ਇਕ

ਪਿਛਲਾ ਘੰਟਾ ਜਦੋਂ ਓਹ ਆ ਜਾਵੇ, ਪਰ ਆਉਣ ਤੋਂ ਪਹਿਲਾਂ ਨਹੀਂ, ਅਰਥਾਤ ਵਰਤਮਾਨ ਕਾਲ ਨੂੰ ਪਿਛਲੇ ਅਰ ਅਗਲੇ ਜ਼ਮਾਨੇ ਦਾ ਖਿਆਲ ਨਾਂ ਕਰਕੇ ਅਤੀ ਹੱਛੇ ਢੰਗ ਨਾਲ ਬਤੀਤ ਕਰੋ, ਇਹੀ ਸੁਛ ਚਾਲ ਚਲਨ(ਸਦਾ ਚਾਰ) ਦਾ ਭੇਤ ਹੈ, ਏਸ ਸਿੱਧੇ ਸਾਦੇ ਢੰਗ ਤੋਂ ਹਰ ਇਕ ਪੁਰਸ਼ ਉਸ ਅਤਯੰਤ ਉੱਤਮ ਜੀਵਨ ਦਾ ਅਨਭਉ ਕਰਾਵੇਗਾ, ਜੋ ਕਦੀ ਖਿਆਲ ਵਿੰਚ ਆ ਸਕਦਾ ਹੈ ਅਰ ਇਸ ਬਾਰੇ ਵਿਚ ਕੋਈ ਅਜਿਹੀ ਸ਼ੈ ਨਹੀਂ ਹੈ, ਜੋ ਖਿਆਲ ਵਿਚ ਤਾਂ ਆ ਸਕੇ, ਪਰ ਜੋ ਕਿਸੇ ਨਾਂ ਕਿਸੇ ਤਰਾਂ, ਕਿਸੇ ਨਾਂ ਕਿਸੇ ਵੇਲੇ, ਕਿਸੇ ਨਾਂ ਕਿਸੇ ਥਾਂ ਅਨ-ਭਉ ਨਾਂ ਹੋ ਸਕੇ। ਏਸ ਤ੍ਰੀਕੇ ਨਾਲ ਸਾਰੇ ਲੋਕਾਂ ਲਈ ਅਤੀ ਉੱਤਮ ਜੀਵਨ ਬਤੀਤ ਕਰਨਾ ਸੰਭਵ ਹੈ,ਕਿਉਂਕਿ ਕੋਈ ਪੁਰਸ਼ ਜੇ ਓਹ ਅਸਲ ਵਿਚ ਤਨ ਮਨ ਕਰਕੇ ਲੱਗਾ ਹੋਇਆ ਹੋਵੇ ਅਰ ਨਾਲੇ ਚਾਹੁੰਦਾ ਭੀ ਹੋਵੇ, ਅਜਿਹਾ ਨਹੀਂ ਹੈ ਕਿ ਜੋ ਇਕ ਘੰਟੇ ਵਾਸਤੇ ਭੀ ਆਪਣੀ ਉੱਤਮ ਤੋਂ ਉੱਤਮ ਹਾਲਤ ਵਿਖੇ ਜੀਵਨ ਬਤੀਤ ਨਾਂ ਕਰ ਸਕੇ, ਪਰ ਅਤੀ ਹੀ ਸਿਰ ਸੁੱਟ ਯਤਨ ਕਰਕੇ ਭਾਵੇਂ ਅਜਿਹਾ ਪੁਰਸ਼ ਜ਼ਰੂਰ ਹੋ ਭੀ ਸਕਦਾ ਹੈ, ਤਾਂ ਫੇਰ ਓਹ ਉਸ ਕਾਨੂਨ ਦੇ ਅਨੁਸਾਰ ਕਿ ਇਕ ਜਿਨਸ ਦੀ ਚੀਜ਼ ਆਪਣੇ ਵਰਗੀ ਜਿਨਸ ਦੀ ਸ਼ੈ ਨੂੰ ਬਨਾਂਦੀ ਅਤੇ ਪੈਦਾ ਕਰਦੀ ਹੈ। ਦੂਜੇ ਘੰਟੇ ਵਿਖੇ ਉਸ ਉੱਤਮ ਹਾਲਤ ਦੇ ਅਤਯੰਤ ਨਿਕਟ ਪਹੁੰਚ ਜਾਏਗਾ ਅਰ ਉਸਤੋਂ ਦੂਜੇ ਘੰਟੇ ਵਿਖੇ ਹੋਰ ਭੀ ਵਧੇਰੇ ਨੇੜੇ ਹੋ ਗਾ, ਇੰਵੇ ਹੀ ਏਥੋਂ ਤਾਈਂ ਕਿ ਕਦੀ ਨਾਂ ਕਦੀ

ਇਕ ਵੇਲਾ ਅਜਿਹਾ ਆਵੇਗਾ ਕਿ ਉਸਦੇ ਵਾਸਤੇ ਓਹ ਹਾਲਤ ਸਾਧਾਰਨ ਅਤੇ ਕੁਦਰਤੀ ਹੋ ਜਾਏਗੀ, ਅਤੇ ਹੋਰ ਕੋਈ ਹਾਲਤ ਜੋ ਅਸਾਧਾਰਨ ਹੋਵੇਗੀ, ਉਸਦੇ ਪ੍ਰਾਪਤ ਕਰਨ ਲਈ ਜਤਨ ਕਰਨਾ ਪਵੇਗਾ ਹੀ।

ਇਸਤਰਾਂ ਹਰ ਇਕ ਪੁਰਸ਼ ਉਸ ਸ੍ਰਿਸ਼ਟੀ ਵਿਖੇ ਉੱਤਮ ਤੋਂ ਉੱਤਮ ਅਤੇ ਚੰਗੀ ਤੋਂ ਚੰਗੀ ਸ਼ੈ ਨਾਲ ਪਿਆਰ ਕਰਨ ਲੱਗ ਪੈਂਦਾ ਹੈ ਅਰ ਉਸ ਨਾਲ ਮੇਲ ਪ੍ਰਾਪਤ ਕਰ ਲੈਂਦਾ ਹੈ ਏਸੇ ਕਰਕੇ ਹੀ ਇਹ ਅਤੀ ਉੱਤਮ ਅਰ ਸਭ ਤੋਂ ਚੰਗੀ ਸ਼ੈ ਉਸ ਪੁਰਸ਼ ਨਾਲ ਮੁਹੱਬਤ ਕਰਨ ਲੱਗ ਪੈਂਦੀ ਹੈ ਅਰ ਮਿਲਾਪ ਪ੍ਰਾਪਤ ਕਰ ਲੈਂਦੀ ਹੈ। ਇਹ ਚੀਜ਼ਾਂ ਹਰ ਇਕ ਮੌਕਿਆ ਤੇ ਉਸਦੀ ਮੱਦਦ ਕਰਦੀਆਂ ਹਨ ਅਰ ਅਸਲ ਵਿਖੇ ਸਾਰੀਆਂ ਚੀਜ਼ਾਂ ਨੂੰ ਹਰਕਤ ਦੇਕੇ ਉਸ ਵਲ ਲਿਆਉਂਦੀਆਂ ਹਨ, ਕਿਉਂਕਿ ਅਸਲ ਵਿਚ ਉਸਨੇ ਸਾਰਿਆਂ ਤੋਂ ਪੈਹਲਾਂ ਓਹਨਾਂ ਵਲ ਧਿਆਨ ਕੀਤਾ ਸੀ।

ਮਨ ਬਚ ਕ੍ਰਮ ਸਭ ਬਿਧਿ ਸੋ, ਅਪਨਾ ਕਾਜ ਸੰਭਾਲਹਿੰ। ਪਿਆਰਤਿ ਪਿਆਰੈਂ ਤੁਝੈ ਆਪਨਾ ਆਪ ਨਿਹਾਲਹਿੰ। ਮਨ ਮੋਂ ਧਰ ਵਿਸ੍ਵਾਸ ਬਾਰ ਮੋਂ ਸਰਧਾ ਆਨਹਿੰ। ਤੁਮ ਸਭ ਕੇ ਸਿਰਮੌਰ ਤੋਰ ਤੇ ਨਿਜ ਹਿਤ ਮਾਨਹਿੰ। ਉੱਚ ਭਾਵ ਪ੍ਰਭਾਵ ਮਤ ਬਲ ਪ੍ਰਗਟੈ ਤੋਰੇ ਸੁ ਤਨ। ਸਭ ਦਿਸ ਸ੍ਰੀ ਮਤਿ ਹੋਇ ਹੈਂ ਪਰਾਧੀਨੀਆਂ ਤਜੈ ਮਨ।

੭–ਪੂਰਨ ਸ਼ਾਂਤੀ ਦੀ ਪ੍ਰਾਪਤੀ।

ਕਿਆ ਲੇਵੀ ਦੇਵੀ ਕਹਾ ਕਿਆ ਆਵਨ ਫੁਨ ਜਾਨ। ਤਜਾਗ ਸਕਲ ਸੰਕਲਪ ਬ੍ਰਿਤ ਫੁਰੈ ਨਹੀਂ ਮਨ ਆਨ। ਫੁਰੈ ਨਹੀਂ ਮਨ ਆਨ ਪੂਰ ਸੰਪੂਰਣ ਹੋਵੈ। ਆਸ ਅੰਦੇਸਾ ਦੂਰ ਮੂਲ ਤੇ ਦੁਬਿਧਾ ਖੋਵੈ। ਨਿਰ ਭ੍ਰਮ ਤੇ ਨਿਰਤਾਂਤ ਸ਼ਾਂਤ ਭੈ ਕਾਮ ਕ੍ਰੋਧ ਇਆ। ਆਪੇ ਆਪ ਸਮੋਇ ਏਕ ਇਕ ਦੋ ਤ੍ਰੈ ਸੋ ਕਿਆ॥

ਇਹ ਬੇਅੰਤ ਸ਼ਾਂਤੀ ਦੀ ਆਤਮਾਂ ਹੈ ਅਰ ਜਦੋਂ ਹੀ ਅਸੀ ਉਸ ਨਾਲ ਇਕ ਸੁਰ ਹੁੰਦੇ ਹਾਂ, ਤਾਂ ਸਾਡੇ ਅਦਰ ਸ਼ਾਂਤੀ (ਅਮਨ) ਦੀ ਰੌ ਭੀ ਵਗਦੀ ਚਲੀ ਆਉਣ ਲੱਗ ਪੈਂਦੀ ਹੈ, ਕਿਉਂਕਿ ਸ਼ਾਂਤੀ ਇਕ ਸੁਰਤਾਈ ਹੈ, "ਆਤ-ਮਕ ਸੁਭਾਉ ਵਾਲੇ ਹੋਣਾ ਜੀਵਨ ਅਤੇ ਅਮਨ ਹੈ" ਇਸ ਸਚਿਆਈ ਦਾ ਬੜਾ ਹੀ ਗੰਭੀਰ ਆਸ਼ਜ ਹੈ; ਇਸ ਹਕੀਕਤ ਦਾ ਜਾਨਣਾ ਕਿ ਅਸੀ ਆਤਮਾਂ ਹਾਂ ਅਰ ਏਸੇ ਖ਼ਿਆਲ ਵਿਚ ਜੀਵਨ ਬਤੀਤ ਕਰਨਾ ਆਤਮਕ ਸੁਭਾ ਰੱਖਣਾ ਹੈ ਅਰ ਇਹੋ ਹੀ ਇਕਸੁਰਤਾ ਅਤੇ ਅਮਨ ਦੀ ਹਾਲਤ ਵਿਚ ਹੋਣਾ ਹੈ। ਸ਼ੋਕ! ਸਾਡੇ ਆਲੇ ਦੁਆਲੇ ਹਜ਼ਾਰਾਂ ਇਸਤ੍ਰੀ ਪੁਰਸ਼ ਚਿੰਤਾ ਫਿਕਰ ਦੇ ਥੱਕੇ ਟੁੱਟੇ ਅਰ ਮੁਸੀਬਤ ਤੇ ਬੀਮਾਰੀ ਵਿਖੇ ਫਸੇ ਪਏ ਹਨ ਅਰ ਅਮਨ (ਸ਼ਾਂਤੀ) ਦੀ ਭਾਲ ਵਿਚ ਏਧਰ ਓਧਰ ਭੱਜੇ ਨੱਸੇ ਫਿਰਦੇ ਹਨ, ਸਰੀਰ ਆਤਮਾਂ ਅਤੇ ਅੰਤਸ਼ਕਰਨ ਵਲੋਂ ਟੁੱਟੇ ਪਏ ਹਨ, ਹੋਰ ਹੋਰ ਦੇਸਾਂ ਨੂੰ ਜਾਂਦੇ ਹਨ, ਸਾਰੇ

ਸੰਸਾਰ ਵਿਖੇ ਚੱਕਰ ਲਾਂਦੇ ਹਨ ਅਰ ਫੇਰ ਮੁੜਕੇ ਆ ਜਾਂਦੇ ਹਨ, ਪਰ ਅਮਨ ਕਿਧਰੋਂ ਭੀ ਨਹੀਂ ਲੱਭਦਾ। ਬੇਸ਼ੱਕ ਓਹਨਾਂ ਲੋਕਾਂ ਨੇ ਸ਼ਾਂਤੀ ਨੂੰ ਨਹੀਂ ਪਾਇਆ ਅਰ ਨਾਂ ਓਹ ਕਦੀ ਭੀ ਏਸ ਢੰਗ ਨਾਲ ਪਾ ਸੱਕਨਗੇ, ਕਿਉਂਕਿ ਓਹ ਉਸਨੂੰ ਅਜਿਹੀਆਂ ਥਾਵਾਂ ਤੇ ਭਾਲ ਰਹੇ ਹਨ, ਜਿੱਥੇ ਕਿ ਉਹ ਹੈ ਹੀ ਨਹੀਂ, ਓਹ ਏਸਨੂੰ ਬਾਹਰ ਲੱਭਦੇ ਫਿਰਦੇ ਹਨ; ਹਾਲਾਂ ਕਿ ਓਹਨਾਂ ਨੂੰ ਆਪਣੇ ਅੰਦਰ ਖੋਜਨਾ ਲੋੜੀਏ। ਸ਼ਾਂਤੀ ਕੇਵਲ ਅੰਦਰ ਹੀ ਮਿਲ ਸਕਦੀ ਹੈ, ਜੇ ਉਥੇ ਕਿਸੇ ਨੂੰ ਨਾਂ ਮਿਲੇ ਤਾਂ ਫੇਰ ਓਹ ਉਸਨੂੰ ਹੋਰ ਕਿਧਰੇ ਮੂਲੋਂ ਹੀ ਨਹੀਂ ਮਿਲ ਸਕਦੀ।

ਅਮਨ ਬਾਹਯ ਸ੍ਰਿਸ਼ਟੀ ਵਿਖੇ ਨਹੀਂ ਹੈ, ਓਹ ਹਰ ਇਕ ਪੁਰਸ਼ ਦੀ ਆਤਮਾਂ ਦੇ ਅੰਦਰ ਹੈ, ਭਾਵੇਂ ਉਸਦੀ ਭਾਲ ਵਿਚ ਬਹੁਤ ਸਾਰੇ ਭਿੰਨ ਭਿੰਨ ਰਸਤਿਆਂ ਵਿਚ ਪੰਧ ਕਰੀਏ, ਭਾਵੇਂ ਉਸਨੂੰ ਸਰੀਰਕ ਭੋਗਾਂ ਤੇ ਵਿਖਿਆਂ ਦ੍ਵਾਰੇ ਢੂੰਡੀਏ ਅਤੇ ਚਾਹੇ ਬਾਹੰਰਲੀ ਸ੍ਰਿਸ਼ਟੀ ਦੇ ਸਾਰੇ ਚੁਗਾਹਿਆਂ ਵਿਚ ਉਸਦੀ ਭਾਲ ਕਰੀਏ ਅਰ ਏਧਰ ਉਧਰ ਉਸਦਾ ਪਿੱਛਾ ਕਰੀਏ, ਪਰ ਓਹ ਸਦੀਵ ਸਾਡੀ ਪਹੁੰਚ ਜਾਂ ਪਕੜ ਤੋਂ ਬਾਹਰ ਰਹੇਗੀ, ਕਿਉਂਕਿ ਅਸੀ ਉਸਦੀ ਅਜਿਹੀ ਥਾਂ ਭਾਲ ਕਰ ਰਹੇ ਹਾਂ, ਜਿੱਥੇ ਓਹ ਮੌਜੂਦ ਹੀ ਨਹੀਂ ਹੁੰਦੀ, ਪਰ ਜਿਤਨਾ ਮਾਤ੍ਰ ਸਰੀਰ ਤੇ ਅੰਤਾਕਰਣ ਦੀਆਂ ਲੋੜਾਂ ਦਾ ਪ੍ਰਬੰਧ ਆਪਣੀ ਅੰਦ੍ਰਲੀ ਆਤਮਾਂ ਦੀ ਪ੍ਰੇਰਨਾਂ ਅਨੁਸਾਰ ਕਰਾਂਗੇ, ਓਨੀ ਹੀ ਖੁਸ਼ੀ ਅਤੇ ਅਮਨਦੀਆਂ ਉੱਤਮ ਤੋਂ ਉੱਤਮ ਹਾਲਤਾਂ ਸਾਡੇ ਜੀਵਨ ਵਿਖੇ ਪ੍ਰਵਿਰਤ ਹੋਣਗੀਆਂ, ਉਲਟ

ਇਸਦੇ ਜਿੰਨਾ ਅਸੀ ਅਜੇਹਾ ਕਰਨ ਵਿਚ ਪਿੱਛੇ ਪਏ ਰਹਾਂਗੇ, ਉਤਨੀ ਹੀ ਬੀਮਰੀ, ਤਕਲੀਫ ਅਤੇ ਬੇਚੈਨੀ ਸਾਡੇ ਅੰਦਰ ਪ੍ਰਵਿਰਤ ਹੋ ਜਾਵੇਗੀ। ਈਸ਼੍ਵਰ ਨਾਲ ਏਕਤਾ ਪ੍ਰਾਪਤ ਕਰਨੀ ਹੀ ਸ਼ਾਂਤੀ ਪ੍ਰਾਪਤ ਕਰਨੀ ਹੈ, ਇਸ ਗੱਲ ਨੂੰ ਪੂਰਾ ਪੂਰਾ ਅਰ ਪੂਰਨ ਰੀਤੀ ਨਾਲ ਅਨਭਉ ਕਰਨ ਲਈ ਸਭ ਤੋਂ ਵੱਡਾ ਵਸੀਲਾ ਇਹ ਹੈ ਕਿ ਪੁਰਸ਼ ਬੱਚਆਂ ਵਰਗੀ ਸਾਦਗੀ ਗ੍ਰਹਣ ਕਰੇ, ਏਸ ਸਾਦਗੀ ਦੁਆਰਾ ਸੱਚੇ ਪਿਤਾ ਨਾਲ ਆਪਣੇ ਅਸਲੀ ਸੰਬੰਧ ਮਲੂਮ ਕਰ ਸਕਦਾ ਹੈ। ਮੈਂ ਜਾਣਦਾ ਹਾਂ ਕਿ ਅਜਿਹੇ ਲੋਕ ਭੀ ਹਨ ਜਿਨ੍ਹਾਂ ਨੇ ਉਸ ਅਪਾਰ ਜੀਵਨ, ਜਾਂ ਇਹ ਆਖੋ ਕਿ ਉਸ ਬੇਅੰਤ ਅਮਨ ਦੀ ਆਤਮਾਂ ਨਾਲ ਆਪਣੀ ਏਕਤਾ ਜਜੋਂ ਕੀ ਤਜੋਂ ਅਨਭਉ ਕਰ ਲੀਤੀ ਹੈ ਕਿ ਓਹ ਖੁਸ਼ੀ ਦੇ ਮਾਰੇ ਫੁੱਲੇ ਨਹੀਂ ਸਮਾਉਂਦੇ।

ਮੈਨੂੰ ਖਾਸ ਕਰਕੇ ਏਸ ਵੇਲੇ ਇਕ ਨੌਜੁਆਨ ਪੁਰਸ਼ ਦਾ ਹਾਲ ਯਾਦ ਆਇਆ ਹੈ ਕਿ ਓਹ ਕਈ ਸਾਲਾਂ ਤਕ ਬੀਮਾਰ ਰਹਿੰਦਾ ਸੀ ਅਰ ਕਮਜ਼ੋਰੀ ਕਰਕੇ ਉਸਦੀ ਅਰੋਗਤਾ ਉੱਕੀ ਹੀ ਵਿਗੜ ਗਈ ਸੀ, ਉਸਦਾ ਇਹ ਖਿਆਲ ਹੋ ਗਿਆ ਸੀ ਕਿ ਜੀਵਨ ਵਿਖੇ ਉੱਕਾ ਹੀ ਕਿਸੇ ਤਰਾਂ ਦਾ ਅਨੰਦ ਜਾਂ ਅਰਾਮ ਨਹੀਂ ਹੈ ਅਰ ਉਸਨੂੰ ਹਰ ਇਕ ਚੀਜ਼ ਅਤੇ ਹਰ ਇਕ ਪੁਰਸ਼ ਬੁਰਾ ਮਲੂਮ ਹੁੰਦਾ ਸੀ ਅਰ ਮੁੜ ਇਹ ਹੋਇਆ ਕਿ ਜਿਹੜੇ ਪੁਰਸ਼ ਉਸਨੂੰ ਕਦੀ ਮਿਲਦੇ ਜੁਲਦੇ, ਓਹ ਭੀ ਉਸਨੂੰ ਅਜਿਹਾ ਹੀ ਖਿਆਲ ਕਰਨ ਲੱਗ ਪਏ ਸਨ। ਕੁਝ ਬਹੁਤ ਸਾਰਾ ਚਿਰ ਨਹੀਂ ਹੋਇਆ ਕਿ ਉਸਨੇ ਉਸ ਬੇਅੰਤ ਵਾਹਿਗੁਰੂ

ਨਾਲ ਆਪਣੀ ਏਕਤਾ ਅਨੁਭਵ ਕਰ ਲਈ ਅਰ ਯਥਾ-ਰਥ ਉਸਨੇ ਇਸ ਈਸ਼੍ਵਰੀ ਰੌ ਨੂੰ ਖੁੱਲਮਖੁੱਲਾ ਆਪਣੇ ਅੰਦਰ ਆਉਣ ਦਿੱਤਾ, ਏਥੋਂ ਤਾਈਂ ਕਿ ਅਜ ਕੱਲ ਉਸਦੀ ਅਰੋਗਤਾ ਸੁਭ ਤਰਾਂ ਨਾਲ ਠੀਕ ਹੈ ਅਰ ਵਸ਼ੇਸ਼ ਕਰਕੇ ਜਦੋਂ ਮੈਂ ਉਸਨੂੰ ਮਿਲਦਾ ਹਾਂ, ਓਹ ਬੇਅਖਤਜਾਰ ਬੋਲ ਉਠਦਾ ਹੈ :"ਆਹਾ ! ਜੀਵਤ ਰਹਿਣਾ ਇਕ ਬੜੀ ਭਾਰੀ ਪ੍ਰਸੰਨਤਾ ਹੈ।"

ਸਾਡੀ ਪੁਲਸ ਦੀ ਫੌਜ ਵਿਖੇ ਇਕ ਅਫਸਰ ਹੈ, ਉਸਨੇ ਮੇਰੇ ਨਾਲ ਗੱਲ ਕੀਤੀ ਕਿ ਬਹੁਤ ਵਾਰੀ ਜਦੋਂ ਕਿ ਮੈਂ ਕੰਮ ਤੇ ਨਹੀਂ ਹੁੰਦਾ ਹਾਂ ਅਰ ਸੰਧਿਆ ਵੇਲੇ ਘਰ ਜਾ ਰਿਹਾ ਹੋਵਾਂ, ਤਾਂ ਮੈਨੂੰ ਉਸ ਅਪਾਰ ਸ਼ਕਤੀ ਦੇ ਨਾਲ ਆਪਣੀ ਏਕਤਾ ਅਜਿਹੇ ਜੋਸ਼ ਨਾਲ ਮਲੂਮ ਹੁੰਦੀਹੈ ਅਰ ਇਹ ਬੇਅੰਤ ਅਮਨ ਦੀ ਆਤਮਾਂ ਇਨਾਂ ਘੇਰਾ ਪਾ ਲੈਂਦੀ ਹੈ ਅਰ ਮੇਰੇ ਅੰਦ੍ਰ ਇਨੀਂ ਸਮਾ ਜਾਂਦੀ ਹੈ, ਮਾਨੋਂ ਅਜੇਹਾ ਪਤਾ ਲਗਦਾ ਹੈ ਕਿ ਮੇਰੇ ਕਦਮ ਧਰਤੀ ਤੋਂ ਉਖੜੇ ਜਾਂਦੇ ਹਨ, ਅਰ ਕੋਈ ਸੂਖਮ ਤਾਕਤ ਜੋ ਮੇਰੇ ਅੰਦਰ ਭਰੀ ਹੋਈ ਹੈ, ਮੈਨੂੰ ਚੁਕੀ ਹੋਈ ਅਕਾਸ਼ ਵਲ ਲਈ ਜਾਂਦੀ ਹੈ।

ਜੋ ਪੁਰਸ਼ ਇਸ ਉੱਤਮ ਨਿਆਮਤ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਕਦੀ ਭੀ ਕੋਈ ਡਰ ਨਹੀਂ ਰਹਿੰਦਾ ਕਿਉਂਕਿ ਉਸ ਨੂੰ ਸਦੀਵ ਇਹ ਤਸਲੀ ਰਹਿੰਦੀ ਹੈ ਕਿ ਮੇਰੀ ਰਾਖੀ ਕਰਨ ਵਾਲਾ ਮੌਜੂਦ ਹੈ ਅਰ ਉਸ ਬਰਕਤ ਦਾ ਪ੍ਰਾਪਤ ਕਰਨਾਂ ਹੀ ਮਾਨੋਂ ਪੂਰੀ ੨ ਰਾਖੀ ਦਾ ਪ੍ਰਾਪਤ ਹੋਣਾ ਹੈ, ਅਜਿਹੇ ਪੁਰਸ਼ ਦੀ ਬਾਬਤ ਇਹ ਵਾਕ ਬਿਲ-

ਕੁਲ ਠੀਕ ਹਨ, "ਕੋਈ ਹਥਿਆਰ ਜੋ ਤੇਰੇ ਸਿਰ ਤੇ ਚਲਾਨ ਵਾਸਤੇ ਬਨਾਇਆ ਜਾਵੇ ਕੰਮ ਨਹੀਂ ਦੇਵੇਗਾ, "ਤੇਰੇ ਮਕਾਨ ਦੇ ਨੇੜੇ ਕਦਾ ਚਿਤ ਕੋਈ ਬੁਰਿਆਈ ਨਹੀਂ ਆ ਸਕਦੀ, ਸੰਸਾਰ ਭਰ ਦੇ ਪੱਥਰ ਭੀ ਤੇਰੇ ਨਾਲ ਪਿਆਰ ਰੱਖਣਗੇ ਅਰ ਪਸੂ ਆਦਕ ਤਕ ਤੇਰੇ ਨਾਲ ਮਿਤ੍ਰਤਾ ਦਾ ਵਰਤਾਉ ਕਰਨਗੇ।" ਗੁਰੂ ਗ੍ਰੰਥ ਸਾਹਬ ਵਿਚ ਲਿਖਿਆ ਹੈ: 'ਜੇਤੂ ਮੇਰਾ ਹੋਇ ਹੈ ਤ ਸਭ ਜਗ ਤੇਰਾ ਹੋਇਆ।'

ਇਹ ਇਸਤ੍ਰੀ ਪੁਰਸ਼ ਅਜਿਹੇ ਹਨ, ਜੋ ਅਚਰਜ ਦਾ ਜੀਵਨ ਬਤੀਤ ਕਰਦੇ ਹੋਏ ਮਲੂਮ ਹੁੰਦੇ ਹਨ, ਜਦ ਹੀ ਅਸੀ ਕਿਸੇ ਚੀਜ਼ ਤੋਂ ਡਰਦੇ ਹਾਂ ਉਸੇ ਵੇਲੇ ਮਾਨੋਂ ਉਸ ਚੀਜ਼ ਦਾ ਅਮਲ ਆਪਣੇ ਅੰਦਰ ਹੋਣ ਦੇਂਦੇ ਹਾਂ, ਜੋ ਪੁਰਸ਼ ਕਿਸੇ ਜਾਨਵਰ ਤੋਂ ਨਹੀਂ ਡਰਦਾ ਉਹ ਜਾਨਵਰ ਉਸ ਨੂੰ ਕਦੀ ਭੀ ਨੁਕਸਾਨ ਪੁਚਾ ਨਹੀਂ ਸਕਦਾ, ਜੇ ਉਹ ਡਰਦਾ ਹੈ ਤਾਂ ਮਾਨੋਂ ਉਹ ਭੈ ਨੂੰ ਆਪਣੇ ਅੰਦਰ ਰਾਹ ਦੇਂਦਾ ਹੈ, ਬਾਜ਼ੇ ਜਾਨਵਰ ਯਥਾ ਕੁੱਤਾ ਇਹ ਡਰਨ ਵਾਲੇ ਪੁਰਸ਼ ਨੂੰ ਝਟ ਤਾੜ ਜਾਂਦੇ ਅਰ ਇਸ ਤੋਂ ਉਨ੍ਹਾਂ ਨੂੰ ਨੁਕਸਾਨ ਪੁਚਾਨ ਦੀ ਦਲੇਰੀ ਹੋ ਜਾਂਦੀ ਹੈ, ਜਿੰਨਾਂ ਅਸੀ ਏਸ ਬੇਅੰਤ ਤਾਕਤ ਨਾਲ ਆਪਣੀ ਏਕਤਾ ਪੂਰੀ ਤਰਾਂ ਨਿਸਚੇ ਕਰ ਲਵੀਏ ਉਨਾਂ ਹੀ ਅਸੀ ਧੀਰਜ ਵਾਨ ਅਤੇ ਸ਼ਾਂਤ ਸੁਭਾਉ ਹੋ ਜਾਂਦੇ ਹਾਂ ਅਰ ਤੁਛ ਤੁਛ ਅਉਸਰ ਜੋ ਪੈਹਲਾਂ ਸਾਨੂੰ ਸਤਾਂਦੇ ਸਨ ਅਤੇ ਦੁਖ ਦੇਂਦੇ ਸਨ, ਹੁਣ ਸਾਡੀ ਤਬੀਅਤ ਉਨ੍ਹਾਂ ਤੋਂ ਕਦੀ ਭੀ ਪ੍ਰੇਸ਼ਾਨ ਨਹੀਂ ਹੁੰਦੀ, ਸਾਨੂੰ ਹੁਣ ਲੋਕਾਂ ਕੋਲੋਂ ਨਿਰਾਸਤਾ ਪ੍ਰਾਪਤ ਨਹੀਂ ਹੁੰਦੀ, ਕਿਉਂਕਿ ਅਸੀ ਸਦਾ

ਉਨ੍ਹਾਂ ਦੇ ਦਿਲ ਦਾ ਠੀਕ ਠੀਕ ਹਾਲ ਮਲੂਮ ਕਰ ਲੈਂਦੇ ਹਾਂ, ਅਸੀ ਉਨ੍ਹਾਂ ਦੀਆਂ ਆਤਮਾਂ ਦੇ ਅੰਦ੍ਰ ਪ੍ਰਵਿਰਤ ਹੋਕੇ ਉਨ੍ਹਾਂ ਦੀਆਂ ਅਸਲੀ ਲੋੜਾਂ ਅਤੇ ਪ੍ਰੇਰਨਾਂ ਨੂੰ ਮਲੂਮ ਕਰ ਲੈਂਦੇ ਹਾਂ ਜੋ ਉਨ੍ਹਾਂ ਦੇ ਅੰਤਾਕਾਰ ਵਿਚ ਅਮਲ ਕਰ ਰਹੀਆਂ ਹਨ।

ਵਰਤਮਾਂਨ ਸਮੇਂ ਦੀ ਗਲ ਹੈ ਕਿ ਇਕ ਭਲਾ ਮਾਨਸ ਆਦਮੀ ਮੇਰੇ ਇਕ ਮਿਤ੍ਰ ਦੇ ਕੋਲ ਆਇਆ ਅਰ ਬੜੇ ਪਿਆਰ ਨਾਲ ਮਿਲਿਆ ਤੇ ਆਖਿਆ "ਸੱਜਨ ਜੀ! ਮੈਂ ਤੁਸਾਨੂੰ ਮਿਲਕੇ ਅਤੀ ਹੀ ਪ੍ਰਸੰਨ ਹੋਇਆ ਹਾਂ, ਮੇਰੇ ਮਿਤ੍ਰ ਨੇ ਝਟ ਪਟ ਅੱਖ ਦੇ ਪਲਕਾਰੇ ਵਿਚ ਉਸਦਾ ਹਾਲ ਮਲੂਮ ਕਰ ਲੀਤਾ ਅਰ ਉਸ ਦੀ ਅੱਖ ਵਲ ਟਿਕਟਿਕੀ ਲਾਕੇ ਵੇਖਿਆ ਅਤੇ ਉੱਤ੍ਰ ਵਿਚ ਇਹ ਆਖਿਆ "ਨਹੀਂ ਤੁਸੀ ਗਲਤੀ ਤੇ ਹੋ ਤੁਸੀ ਮੈਨੂੰ ਮਿਲਕੇ ਖੁਸ਼ ਨਹੀਂ ਹੋਏ ਸਗੋਂ ਤੁਸੀ ਬਹੁਤ ਘਬਰਾ ਗਏ ਹੋ, ਏਥੋਂ ਤਾਈਂ ਕਿ ਹੁਣ ਤੁਹਾਡੇ ਚੇਹਰੇ ਤੇ ਸ਼ਰ-ਮਿੰਦਗੀ ਛਾ ਗਈ ਹੈ, ਉਸ ਭਲੇ ਮਾਨਸ ਨੇ ਉਤ੍ਰ ਦਿੱਤਾ "ਤੁਸੀ ਜਾਨਦੇ ਹੋ ਕਿ ਅੱਜ ਕੱਲ ਦੇ ਜ਼ਮਾਨੇ ਵਿਚ ਬਨਾਵਟ ਅਤੇ ਧੋਖੇ ਕੋਲੋਂ ਬਹੁਤ ਕੰਮ ਲਿਆ ਜਾਂਦਾ ਹੈ, ਇਸ ਵਾਸਤੇ ਸਾਨੂੰ ਕੁਝ ਨਾਂ ਕੁਝ ਦਿਖਾਵਾ ਕਰਨਾਂ ਪੈਂਦਾ ਹੈ ਅਰ ਬਾਜੇ ਵੇਲੇ ਲੋਕਾਂ ਨੂੰ ਵਖਾਨ ਵਾਸਤੇ ਜੋ ਹਾਲਤ ਸਾਡੇ ਅੰਦਰ ਨਹੀਂ ਹੁੰਦੀ ਗ੍ਰਹਣ ਕਰਨੀ ਪੈਂਦੀ ਹੈ। ਮੇਰੇ ਮਿਤ੍ਰ ਨੇ ਇਕ ਵਾਰੀ ਫੇਰ ਉਸਦੇ ਚੇਹਰੇ ਵਲ ਤਕਿਆ ਅਤੇ ਆਖਿਆ "ਤੁਸੀ ਹੁਣ ਭੀ ਭੁਲੇਖੇ ਤੇ ਹੋ, ਮੈਂ ਤੁਹਾਨੂੰ ਇਕ ਛੋਟੀ ਜਿਹੀ ਸਿਖਿਆ ਕਰਦਾ ਹਾਂ ਜੋ

ਤੁਸੀ ਸਦੀਵ ਸਚਾਈ ਦੀ ਝੂਠੀ ਹਾਲਤ ਅਖਤਿਆਰ ਕਰਨ ਦੀ ਥਾਂ ਸਚਾਈ ਨੂੰ ਹੀ ਪਛਾਨੋਂ ਅਰ ਸਚਾਈ ਹੀ ਪ੍ਰਗਟ ਕਰੋ ਤਾਂ ਤੁਸੀ ਸਦੀਵ ਵਧੇਰੇ ਪ੍ਰਸੰਨ ਰਹੋਗੇ ਅਰ ਆਪਣੀ ਹਾਲਤ ਦਾ ਜ਼ਿਆਦਾ ਖ਼ਿਆਲ ਰਖੋਗੇ।"

ਜਦੋਂ ਹੀ ਅਸੀ ਲੋਕਾਂ ਦੇ ਅੰਦਲੇ ਦਾ ਠੀਕ ਠੀਕ ਹਾਲ ਮਲੂਮ ਕਰ ਸਕਾਂਗੇ ਤਦੋਂ ਸਾਨੂੰ ਉਨ੍ਹਾਂ ਵਲੋਂ ਨਿਰਾਸਤਾ ਨਾਂ ਹੋਵੇਗੀ ਅਰ ਨਾਂ ਅਸੀ ਉਨ੍ਹਾਂ ਨੂੰ ਖਾਹ-ਮਖਾਹ ਸਹਾਰਾ ਬਨਾਵਾਂਗੇ, ਕਿਉਂਕਿ ਅਜਿਹਾ ਕਰਨ ਤੋਂ ਨਿਰਾਸਤਾ ਹੀ ਪ੍ਰਾਪਤ ਹੋਊ, ਗਿਰਾਉ ਜਾਂ ਨੀਚਤਾ ਦੀ ਹਾਲਤ ਕਦੀ ਨਾਂ ਕਦੀ ਜ਼ਰੂਰ ਆਵੇਗੀ, ਇਸ ਤੋਂ ਛੁਟ ਇਸਤ੍ਰਾਂ ਅਸੀ ਬਹੁਤ ਵਾਰੀ ਆਪਣੇ ਮਿੱਤ੍ਰਾਂ ਦੇ ਚਾਲ ਚੱਲਨ ਤੇ ਭਲੀ ਰਾਇ ਨਹੀਂ ਲਾ ਸਕਦੇ ਸਗੋਂ ਰਾਇ ਲਗਾਨ ਵਿਖੇ ਗਲਤੀ ਕਰ ਜਾਂਦੇ ਹਾਂ, ਜਦੋਂ ਅਸੀ ਇਸ ਅਮਲ ਦੀ ਆਤਮਾਂ ਦੇ ਨਾਲ ਏਕਤਾ ਪ੍ਰਾਪਤ ਕਰ ਲੈਂਦੇ ਹਾਂ ਤਾਂ ਸਾਰੀਆਂ ਬੁਰੀਆਂ ਕਨਸੋਆਂ ਅਰ ਪ੍ਰਤੱਖ ਮੰਦ ਵਰਤਾਉ ਚਾਹੇ ਮਿਤ੍ਰ ਵਲੋਂ ਹੋਵਨ ਚਾਹੇ ਵੈਰੀ ਵਲੋਂ, ਸਾਡੇ ਅਮਨ ਵਿਖੇ ਵਿਘਨੀ ਨਾਂ ਹੋਨਗੇ, ਜਦੋਂ ਅਸੀ ਇਸ ਗੱਲ ਨੂੰ ਜਾਣਦੇ ਹਾਂ ਕਿ ਅਸੀ ਆਪਣੇ ਜੀਵਨ ਅਤੇ ਆਪਣੇ ਕੰਮਾਂ ਵਿਚ ਸਚਾਈ ਅਤੇ ਨਿਆਇ ਦੇ ਉਸ ਅਟਲ ਮਸਲੇ ਤੇ ਕਾਇਮ ਹਾਂ ਜੋ ਸਾਰੀ ਸ੍ਰਿਸ਼ਟੀ ਵਿਚ ਜਾਰੀ ਹੈ, ਜੋ ਸਰਵ ਵਿਖੇ ਮਿਲਾਪ ਪੈਦਾ ਕਰਦਾ ਹੈ ਅਰ ਸਾਰੇ ਸੰਸਾਰ ਉੱਤੇ ਹਕੂਮਤ ਕਰਦਾ ਹੈ ਅਰ ਜੋ ਅੰਤ ਵਿਚ ਹਮੇਸ਼ਾ ਸਾਰਿਆਂ ਤੇ ਪ੍ਰਬਲ ਰਹੇਗਾ, ਉਸ ਵੇਲੇ ਪੈਹਲਾਂ ਤਾਂ ਇਸਤ੍ਰਾਂ ਦੀ

ਕੋਈ ਗੱਲ ਅਰਥਾਤ ਬੁਰਿਆਈ ਮੰਦ ਵਰਤਾਉ ਆਦਕ ਸਾਡੇ ਪਾਸ ਤਕ ਨਹੀਂ ਆ ਸਕਦੇ ਅਰ ਜੇ ਆਏ ਭੀ ਅਰ ਚਾਹੇ ਕੁਝ ਹੀ ਕਿਉਂ ਨਾਂ ਹੋਵੇ ਅਸੀ ਸਦਾ ਲਈ ਆਰਾਮ ਅਤੇ ਅਮਨ ਵਿਚ ਰਹਾਂਗੇ ਅਰ ਸਾਡੇ ਅਮਨ ਅਤੇ ਤਸੱਲੀ ਵਿਖੇ ਕਦੀ ਕਿਸੇ ਤਰਾਂ ਦਾ ਵਿਘਨ ਨਹੀਂ ਆਵੇਗਾ।

ਜੇਹੜੀਆਂ ਚੀਜ਼ਾਂ ਤੋਂ ਤਕਲੀਫ, ਦੁਖ ਅਤੇ ਵਛੋੜਾ ਪੈਦਾ ਹੁੰਦਾ ਹੈ, ਓਹ ਉਸ ਪਰਮ ਸ਼ਾਂਤੀ ਦੀ ਹਾਲਤ ਵਿਚ ਸਾਡੇ ਤੇ ਪ੍ਰਬਲ ਨਹੀਂ ਹੋ ਸੱਕਨਗੀਆਂ, ਜਿਸਤਰਾਂ ਕਿ ਹੁਣ ਪ੍ਰਬਲ ਹੋ ਜਾਂਦੀਆਂ ਹਨ, ਕਿਉਂਕਿ ਅਸਲੀ ਦਾਨਾਈ ਜਾਂ ਦਿੱਬਜ ਦ੍ਰਿਸ਼ਟੀ ਦੁਆਰਾ ਅਸੀ ਠੀਕ ਠੀਕ ਅਸਥਾਨ ਮਲੂਮ ਕਰ ਸੱਕਾਂਗੇ ਅਰ ਸਾਰੀਆਂ ਚੀਜ਼ਾਂ ਦੇ ਠੀਕ ਠੀਕ ਸੰਬੰਧ ਜਾਨ ਲਵਾਂਗੇ। ਜਿਸ ਪੁਰਸ਼ ਦੀ ਆਤਮਾਂ ਨੇ ਉਸ ਉੱਤਮ ਦਰਜੇ ਦੀ ਹਾਲਤ ਨੂੰ ਪ੍ਰਾਪਤ ਕਰ ਲੀਤਾ ਹੈ, ਉਸਨੂੰ ਮਿੱਤ੍ਰਾਂ ਦੇ ਮਰਨ ਤੋਂ ਕੁਝ ਭੀ ਦੁਖ ਨਹੀਂ ਹੋਵੇਗਾ, ਕਿਉਂਕਿ ਉਸ ਪੁਰਸ਼ ਨੂੰ ਮਲੂਮ ਹੈ ਕਿ ਮੌਤ ਕੋਈ ਚੀਜ਼ ਨਹੀਂ ਹੈ, ਕਿਉਂਕਿ ਹਰ ਇਕ ਪੁਰਸ਼ ਉਸ ਬੇਅੰਤ ਜੀਵਨ ਦਾ ਕੇਵਲ ਹਿੱਸੇਦਾਰ ਹੀ ਨਹੀਂ ਹੈ, ਸਗੋਂ ਓਹ ਉਸ ਵਿਖੇ ਅਟੱਲ ਹਿੱਸਾ ਲੈਨ ਵਾਲਾ ਹੈ, ਉਸਨੂੰ ਮਲੂਮ ਹੈ ਕਿ ਮਾਇਕ ਸਰੀਰ ਨਾਸ ਹੋ ਜਾਨ ਤੋਂ ਅਸਲੀ ਆਤਮਾਂ ਨੂੰ ਕਿਸੇ ਤਰਾਂ ਦਾ ਨੁਕਸਾਨ ਨਹੀਂ ਪਹੁੰਚਦਾ, ਇਸ ਪੁਰਸ਼ ਦਾ ਅਤੀ ਉੱਤਮ ਵਿਸਵਾਸ ਹੋਨ ਕਰਕੇ ਉਸਦੀ ਆਤਮਾਂ ਨੇ ਤਸੱਲੀ (ਸ਼ਾਂਤੀ) ਪ੍ਰਾਪਤ ਕਰ ਲੀਤੀ ਹੈ, ਇਸ ਵਾਸਤੇ

ਇਹ ਆਪ ਇਸ ਗੱਲ ਨੂੰ ਸਮਝ ਸਕਦਾ ਹੈ ਅਰ ਹੋਰਨਾਂ ਨੂੰ ਜੋ ਏਨੇਂ ਪੱਕੇ ਦਿਲ ਵਾਲੇ ਨਹੀਂ ਹਨ ਇਹ ਕਹ ਸਕਦਾ ਹੈ :—

ਪਿਆਰੇ ਮਿੱਤ੍ਰੋ ! ਹਰ ਇਕ ਰੋਂਦੀ, ਅੱਖ ਪੂੰਝਾਓ ਜਲਦੀ । ਉੱਤੇ ਸੀੜ੍ਹੀ ਧਰਿਆ, ਤਿਹ ਹਿਤ, ਬੂੰਦ ਭਲੀ ਨਹੀਂ ਢਲਦੀ । ਖ਼ਾਲੀ ਸਿੱਪੀ ਮੁਰਦਾ ਦੇਹੀ, ਮੋਤੀ ਵਿਚ ਨ ਰਹਿਆ । ਸਿੱਪੀ ਤੁੱਛ ਵਗਾਓ ਇਸਨੂੰ, ਬਚਨ ਸਜਾਣਪ ਕਹਿਆ । ਜੋ ਕਛ ਹੈਸੀ, ਮੋਤੀ ਹੈਸੀ, ਜੀਵ ਆਤਮਾਂ ਪਿਆਰੇ । ਓਹ ਹੁਣ ਭੀ ਹੈ ਏਥੇ ਵੇਖੋ ! ਮਨ ਦਾ ਸ਼ੋਕ ਨਿਆਰੋ ।

ਹੇ ਪਿਆਰੇ ਮਿੱਤ੍ਰੋ ! ਬੁਧੀ ਤੋਂ ਕੰਮ ਲਵੋ ਅਰ ਆਪਣੇ ਅਥਰੂ ਝਟ ਪਟ ਪੂੰਝ ਲਓ, ਜੋ ਚੀਜ਼ ਏਸ ਅਰਥੀ ਤੇ ਰੱਖੀ ਹੋਈ ਹੈ, ਉਸਦੇ ਵਾਸਤੇ ਸ਼ੋਕ ਕਰਨਾ ਜਾਂ ਉਸਤੇ ਇਕ ਅੱਥਰੂ ਭੀ ਵਹਾਣਾ ਬੇਅਰਥ ਹੈ, ਇਹ ਕੇਵਲ ਇਕ ਨਾਚੀਜ਼ (ਤੁੱਛ) ਚੀਜ਼ ਅਰਥਾਤ ਸਿੱਪ ਦਾ ਸੱਖਣਾ ਗਿਲਾਫ਼ ਜਾਂ ਕੌਡੀ ਹੈ ਅਤੇ ਅੰਦਰੋਂ ਅਮੋਲਕ ਮੋਤੀ ਕੂਚ ਕਰ ਗਿਆ ਹੈ, ਇਹ ਗਿਲਾਫ਼ ਤਾਂ ਨਿਕੰਮਾ ਸੀ, ਇਸਨੂੰ ਏਥੇ ਹੀ ਪਿਆ ਰਹਣ ਦਿਓ, ਮੋਤੀ ਅਰਥਾਤ ਆਤਮਾਂ ਹੀ ਸਭ ਕੁਝ ਸੀ, ਓਹ ਏਥੇ ਅਰਥਾਤ ਅੰਦਰ ਮੌਜੂਦ ਹੈ, ਅਰ ਜੇ ਵਛੋੜੇ ਸੰਬੰਧੀ ਪੁਛੋ, ਤਾਂ ਇਹ ਪੁਰਸ਼ ਚੰਗੀ ਤਰਾਂ ਸਮਝਦਾ ਹੈ ਕਿ ਆਤਮਾਂ ਵਾਸਤੇ ਕੋਈ ਕੈਦ ਨਹੀਂ ਹੈ ਅਤੇ ਆਤਮਕ ਵਾਰਤਾਲਾਪ ਅਰਥਾਤ ਰੂਹਾਂ ਦਾ ਇਕ ਦੂਜੇ ਨਾਲ ਗੱਲ ਬਾਤ ਕਰਨੀ ਸਾਰਿਆਂ

ਦੇ ਅਖਤਿਆਰ ਵਿਚ ਹੈ, ਚਾਹੇ ਦੋਵੇਂ ਰੂਹਾਂ ਸਰੀਰ ਰੱਖਦੀਆਂ ਹੋਣ, ਚਾਹੇ ਇਕ ਸਰੀਰ ਰੱਖਦੀ ਹੋਵੇ ਅਰ ਦੂਸਰੀ ਸਰੀਰੋਂ ਬਾਹਰ ਹੋਵੇ। ਜਿੰਨਾ ਉੱਤਮ ਦਰਜੇ ਦੇ ਆਤਮਕ ਜੀਵਨ ਦਾ ਧਿਆਨ ਬੱਝ ਜਾਂਦਾ ਹੈ, ਓਨਾਂ ਹੀ ਇਹ ਸਭ ਤੋਂ ਉੱਤਮ ਦਰਜੇ ਦੀ ਬਾਤ ਚੀਤ ਵਰਤੋਂ ਵਿਚ ਆ ਸਕਦੀ ਹੈ।

ਜਿਨ੍ਹਾਂ ਚੀਜ਼ਾਂ ਵਲ ਅਸੀ ਧਿਆਨ ਲਾਂਦੇ ਹਾਂ, ਓਹ ਸਦੀਵ ਸਾਡੇ ਕੋਲ ਆ ਜਾਂਦੀਆਂ ਹਨ। ਪੁਰਾਤਨ ਜ਼ਮਾਨੇ ਦੇ ਲੋਕ ਫਰਿਸ਼ਤਿਆਂ ਦੇ ਵੇਖਨ ਦੀ ਆਸ ਕਰਦੇ ਸਨ ਅਰ ਓਹਨਾਂ ਨੇ ਫਰਿਸ਼ਤਿਆਂ (ਦੇ ਵੱਡਿਆਂ) ਨੂੰ ਵੇਖ ਲੀਤਾ, ਪਰ ਕੋਈ ਕਾਰਨ ਨਹੀਂ ਹੈ ਕਿ ਓਹ ਤਾਂ ਓਹਨਾਂ ਨੂੰ ਵੇਖ ਲੈਂਦੇ ਅਰ ਅਸੀ ਹੁਣ ਓਹਨਾਂ ਨੂੰ ਨਾਂ ਵੇਖ ਸਕੀਏ, ਹੋਰ ਕੋਈ ਕਾਰਨ ਨਹੀਂ ਕਿ ਫਰਿਸ਼ਤੇ ਪੁਰਾਤਨ ਜ਼ਮਾਨੇ ਦੇ ਲੋਕਾਂ ਦੇ ਕੋਲ ਆਉਂਦੇ ਸਨ ਅਰ ਰਹਿੰਦੇ ਸਨ ਅਰ ਹੁਣ ਸਾਡੇ ਕੋਲ ਨਾਂ ਆਵਨ ਤੇ ਨਾਂ ਰਹਨ, ਕਿਉਂਕਿ ਸਾਰੀ ਸ੍ਰਿਸ਼ਟੀ ਤੇ ਹਕੂਮਤ ਕਰਨ ਵਾਲੇ ਵੱਡੇ ਵੱਡੇ ਕਾਨੂਨ ਜੋ ਪਹਲਾਂ ਸਨ, ਓਹੀ ਹੁਣ ਹਨ, ਓਹਨਾਂ ਵਿਚ ਕਿਸੇ ਤਰਾਂ ਦਾ ਅਦਲ ਬਦਲ ਹੋ ਨਹੀਂ ਸਕਦਾ। ਜੇ ਫਰਿਸ਼ਤੇ ਹੁਣ ਸਾਡੀ ਸੇਵਾ ਕਰਨ ਲਈ ਨਾਂ ਆਵਨ ਤਾਂ ਉਸਦਾ ਕਾਰਨ ਇਹੀ ਹੋ ਸਕਦਾ ਹੈ ਕਿ ਅਸੀ ਓਹਨਾਂ ਨੂੰ ਬੁਲਾਂਦੇ ਨਹੀਂ ਅਰ ਜਿਸ ਦਰਵੱਜੇ ਤੋਂ ਕਿ ਓਹ ਸਾਡੇ ਅੰਦਰ ਆ ਸਕਦੇ ਸਨ, ਅਸੀ ਓਹਨਾਂ ਨੂੰ ਬੰਦ ਰਖਦੇ ਹਾਂ।

ਜਿੰਨਾ ਅਸੀ ਏਸ ਈਸ਼੍ਵਰੀ ਰੌ ਨੂੰ ਅੰਦਰ ਆਉਣ ਤੋਂ ਇਸ ਅਮਨ ਦੀ ਆਤਮਾਂ ਨੂੰ ਆਪਣੇ ਅੰਦਰ ਭਰ

ਲਵਾਂਗੇ, ਓਨਾਂਹੀ ਓਹ ਸਾਡੇ ਦੁਆਰਾ ਹੌਲੀ ਹੌਲੀ ਹੋਰਨਾਂ ਤੇ ਅਸਰ ਕਰਦੀ ਰਹੇਗੀ, ਇਥੋਂ ਤਾਈਂ ਕਿ ਜਿੱਥੇ ਕਿਧਰੇ ਅਸੀ ਜਾਵਾਂਗੇ, ਅਸੀ ਉਸਨੂੰ ਆਪਣੇ ਨਾਲ ਲੈ ਜਾਵਾਂਗੇ, ਜਿੰਨਾ ਅਸੀ ਇਸ ਰੌ ਨੂੰ ਆਪਣੇ ਅੰਦਰ ਆਉਨ ਦੇਵਾਂਗੇ, ਓਨਾਂ ਅਸੀ ਮਿਕਨਾਤੀਸ (ਚਮਕ ਪੱਥਰ) ਵਰਗੇ ਬਨ ਜਾਵਾਂਗੇ ਅਰ ਸਭਨਾਂ ਪਾਸਿਆਂ ਤੋਂ ਅਮਨ ਨੂੰ ਆਪਣੇ ਵਲ ਖਿੱਚ ਸਕਾਂਗੇ ਅਰ ਜਿੰਨਾ ਅਸੀ ਉਸਨੂੰ ਆਪਣੇ ਅੰਦਰ ਖਿੱਚਾਂਗੇ ਅਤੇ ਪ੍ਵਿਰਤ ਕਰਾਂਗੇ, ਓਨਾਂ ਹੀ ਅਸੀ ਇਸਨੂੰ ਹੋਰਨਾਂ ਨੂੰ ਦੇ ਸਕਾਂਗੇ। ਇਸਤਰਾਂ ਅਸੀ ਅਮਨ ਦੇ ਅਜਿਹੇ ਪੂਰੇ ਪੂਰੇ ਪੁਤਲੇ ਬਨ ਜਾਵਾਂਗੇ ਕਿ ਜਿੱਥੇ ਕਿਧਰੇ ਜਾਵਾਂਗੇ, ਲਗਾਤਾਰ ਬਰਕਤਾਂ ਪਸਾਰਾਂਗੇ। ਇਕ ਦੋ ਦਿਨਾਂ ਦੀ ਹੀ ਗੱਲ ਹੈ ਕਿ ਮੈਂ ਵੇਖਿਆ ਕਿ ਇਕ ਇਸਤ੍ਰੀ ਨੇ ਇਕ ਪੁਰਸ਼ ਦਾ ਜਿਸਦੇ ਚੇਹਰੇ ਉੱਤੇ ਈਸ਼੍ਵਰੀ ਨੂਰ ਪ੍ਰਤੱਖ ਪ੍ਰਤੀਤ ਹੁੰਦਾ ਸੀ ਹੱਥ ਫੜਕੇ ਆਖਿਆ :"ਆਹਾ! ਮੈਨੂੰ ਤੁਹਾਡੇ ਮਿਲਨ ਕਰਕੇ ਕਈ ਲਾਭ ਹੁੰਦੇ ਹਨ, ਮੈਂ ਕੁਝਕ ਘੰਟਿਆਂ ਤੋਂ ਬੜੇ ਸੋਚ ਅਤੇ ਫਿਕਰ ਅਰ ਨਿਰਾਸਤਾ ਦੀ ਹਾਲਤ ਵਿਚ ਸਾਂ, ਪਰ ਤੁਹਾਨੂੰ ਵੇਖਦਿਆਂ ਹੀ ਮੇਰੀ ਸਾਰੀ ਤਕਲੀਫ ਦੂਰ ਹੋ ਗਈ ਹੈ।" ਸਾਡੇ ਆਸ ਪਾਸ ਅਜਿਹੇ ਲੋਕ ਰਹਿੰਦੇ ਹਨ ਜੋ ਸਦੀਵ ਬਰਕਤ ਅਤੇ ਤਸੱਲੀ ਦੇਂਦੇ ਰਹਿੰਦੇ ਹਨ, ਜਿਨ੍ਹਾਂ ਦੇ ਕੇਵਲ ਮੌਜੂਦ ਹੀ ਹੋਣ ਕਰਕੇ ਰੰਜ ਖੁਸ਼ੀ ਨਾਲ ਅਰ ਡਰ ਹਿੰਮਤ ਨਾਲ ਨਿਰਾਸਤਾ ਆਸ ਨਾਲ ਕਮਜ਼ੋਰੀ ਤਾਕਤ ਨਾਲ ਬਦਲ ਜਾਂਦੀਆਂ ਹਨ।

ਜਿਸ ਪੁਰਸ਼ ਨੇ ਆਪਣੇ ਅਸਲੀ ਆਪੇ ਨੂੰ ਹੱਛੀ

ਤਰਾਂ ਅਨਭਉ ਕਰ ਲੀਤਾ ਹੈ, ਓਹੀ ਉਸ ਤਾਕਤ ਨੂੰ ਆਪਣੇ ਨਾਲ ਲੈ ਜਾਂਦਾ ਹੈ ਅਰ ਜਿੱਥਿ ਕਿਧਰੇ ਜਾਂਦਾ ਹੈ, ਉਸਨੂੰ ਫੈਲਾਂਦਾ ਹੈ ਅਰ ਇਸ ਸਾਰੀ ਸ੍ਰਿਸ਼ਟੀ ਦਾ ਇਕ ਹੀ ਮਰਕਜ਼ (ਕੇਂਦ੍ਰ) ਹੈ, ਅਰਥਾਤ ਓਹ ਬੇਅੰਤ ਜੋ ਸਭ ਬ੍ਰਹਮੰਡ ਅੰਦਰ ਅਰ ਸਭਨਾਂ ਵਿਖੇ ਕੰਮ ਕਰ ਰਹੀ ਹੈ। ਜਿਸ ਪੁਰਸ਼ ਨੇ ਆਪਣਾ ਅਸਲੀ ਕੇਂਦ੍ਰ (ਅਸਥਾਨ) ਠੀਕ ਮਲੂਮ ਕਰ ਲਿਆ ਹੈ, ਫੇਰ ਉਸਨੇ ਉਸ ਬੇਅੰਤ ਸ਼ਕਤੀ ਨਾਲ ਆਪਣੀ ਏਕਤਾ ਅਨਭਉ ਕਰ ਲਈ ਹੈ ਅਰ ਓਹ ਆਪਣੀ ਬਾਬਤ ਇਹ ਜਾਣਦਾ ਹੈ ਕਿ ਮੈਂ ਆਤਮਕ ਜੀਵਨ ਹਾਂ, ਕਿਉਂਕਿ ਈਸ਼੍ਵਰ (ਕੇਂਦ੍ਰ) ਹੀ ਸਭ ਦਾ ਆਤਮਾਂ ਹੈ।

ਅਜਿਹਾ ਪੁਰਸ਼ ਬਲਵਾਨ ਪੁਰਸ਼ ਹੈ, ਬੇਅੰਤ ਈਸ਼੍ਵਰ ਨਾਲ ਲਗਾਉ ਹੋਣ ਦੇ ਕਾਰਨ ਉਸਨੇ ਮਾਨੋਂ ਉਸ ਸ੍ਰਿਸ਼ਟੀ ਦੇ ਵੱਡੇ ਸ਼ਕਤੀ ਭੰਡਾਰ ਨਾਲ ਆਪਣਾ ਸੰਬੰਧ ਕਾਇਮ ਕਰ ਲੀਤਾ ਹੈ ਅਰ ਆਪਣੀ ਲੱਕ ਦੀ ਪੇਟੀ ਨੂੰ ਉਸਦੇ ਨਾਲ ਜਕੜ ਲੀਤਾ ਹੈ, ਓਹ ਤਾਕਤ ਨੂੰ ਸਾਰਿਆਂ ਪਾਸਿਆਂ ਵਲੋਂ ਆਪਣੇ ਵਲ ਖਿੱਚ ਰਿਹਾ ਹੈ, ਕਿਉਂਕਿ ਇਸਤਰਾਂ ਸੰਬੰਧਤ ਕਰਕੇ ਆਪਣੇ ਆਪ ਨੂੰ ਜਾਣ ਕੇ ਅਰ ਆਪਣੀ ਤਾਕਤ ਥੀਂ ਜਾਣੂੰ ਹੋਕੇ ਜੋ ਖਿਆਲ ਉਸਦੇ ਅੰਤਸ਼ਕਰਨ ਥੀਂ ਲੰਘਦੇ ਹਨ, ਓਹ ਪਕਿਆਈ ਅਤੇ ਤਾਕ਼ਤ ਦੇ ਖਿਆਲ ਹੁੰਦੇ ਹਨ ਅਰ ਇਸ ਕਾਨੂਨ ਦੇ ਅਨੁਸਾਰ ਕਿ ਹਮ ਜਿਨਸ ਹਮ ਜਿਨਸ ਨੂੰ ਖਿੱਚਦਾ ਹੈ, ਓਹ ਆਪਣੇ ਖਿਆਲਾਂ ਦੁਆਰਾ ਸਾਰਿਆਂ ਪਾਸਿਆਂ ਤੋਂ ਓਹਨਾਂ ਪੁਰਸ਼ਾਂ ਦੀ ਸਹਾਇਤਾ

ਆਪਣੇ ਵਲ ਖਿੱਚ ਰਿਹਾ ਹੈ। ਜਿਨ੍ਹਾਂ ਦੇ ਖਿਆਲ ਪਕਿਆਈ ਅਤੇ ਮਜ਼ਬੂਤੀ ਦੇ ਖਿਆਲ ਹਨ ਅਰ ਇਸਤਰਾਂ ਨਾਲ ਓਹ ਆਪਣ ਆਪ ਨੂੰ ਸੈਸਾਰ ਦੀ ਇਸ ਖਿਆਲਾਂ ਦੀ ਲੜੀ ਵਿਖੇ ਜਕੜ ਰਿਹਾ ਹੈ, ਸੋ ਜਿਸਦੇ ਪਾਸ ਕੁਝ ਹੈ ਓਸੇ ਨੂੰ ਮਿਲੇਗਾ, ਇਹ ਕੇਵਲ ਇਕ ਕੁਦਰਤੀ ਕਾਨੂਨ ਦਾ ਅਮਲ ਹੈ। ਉਸ ਪੁਰਸ਼ ਦਾ ਪ੍ਰੇਰਕ, ਅਸਲੀ ਅਰ ਏਸੇ ਵਾਸਤੇ ਨਵੀਂ ਕਾਢ ਕੱਢਨ ਵਾਲਾ ਖਿਆਲ ਹਮੇਸ਼ਾ ਆਪਣੇ ਵਾਸਤੇ ਸਭਨਾਂ ਪਾਸਿਆਂ ਤੋਂ ਸਫਲਤਾ ਪ੍ਰਾਪਤ ਕਰ ਰਿਹਾ ਹੈ ਅਰ ਸਾਰਿਆਂ ਪਾਸਿਆਂ ਤੋਂ ਸਹਾਇਤਾ ਲਿਆ ਰਿਹਾ ਹੈ। ਜੋ ਚੀਜ਼ਾਂ ਓਹ ਵੇਖਦਾ ਹੈ ਅਰ ਜੇਹੜੀਆਂ ਚੀਜ਼ਾਂ ਨੂੰ ਓਹ ਆਪਣੇ ਆਦਰਸ਼ ਵਿਚ ਬਨਾਂਦਾ ਹੈ, ਓਹ ਸਾਰੀਆਂ ਏਸ ਪੱਕੇ ਕਾਢਾਂ ਕੱਢਨਵਾਲੇ ਖਿਆਲ ਦੀ ਕ੍ਰਿਪਾ ਨਾਲ ਉੱਤੋੜੁੱਤੀ ਨਵੀਆਂ ਨਵੀਆਂ ਪੁਸ਼ਾਕਾਂ ਨਾਲ ਸਜਾਕੇ ਸੂਰਤ ਅਖਤਿਆਰ ਕਰਦੀਆਂ ਪ੍ਰਗਟ ਰੂਪ ਵਿਚ ਪ੍ਰਤੱਖ ਹੁੰਦੀਆਂ ਰਹਿੰਦੀਆਂ ਹਨ, ਰੂਪ ਅਤੇ ਅਦ੍ਰਿਸ਼ਜ ਤਾਕਤਾਂ ਆਪਣਾ ਆਪਣਾ ਅਮਲ ਕਰ ਰਹੀਆਂ ਹਨ, ਜੋ ਕਦੀ ਨਾ ਕਦੀ ਦ੍ਰਿਸ਼ਜ ਰੂਪ ਵਿਖੇ ਪ੍ਰਗਟ ਹੋ ਜਾਣਗੀਆਂ।

ਅਜਿਹੇ ਆਦਮੀ ਦੇ ਦਿਲ ਵਿਚ ਭੈ ਅਤੇ ਅਸਫਲਤਾ ਦੇ ਖਿਆਲ ਕਦਾਚਿੱਤ ਨਹੀਂ ਆਉਂਦੇ ਅਰ ਜੇ ਆਵਨ ਭੀ ਤਾਂ ਓਹਨਾਂ ਨੂੰ ਝਟ ਪਟ ਅੰਤਸ਼ਕਰਨ ਥੀਂ ਖਾਰਜ ਕਰ ਦਿੱਤਾ ਜਾਂਦਾ ਹੈ ਅਰ ਇਸ ਵਾਸਤੇ ਉਸ ਪੁਰਸ਼ ਤੇ ਇਸਤਰਾਂ ਦੇ ਬਾਹਰਲੇ ਖਿਆਲਾਂ ਦਾ ਰੰਚਕ ਅਸਰ ਨਹੀਂ ਹੁੰਦਾ, ਓਹ ਉਸਤਰਾਂ ਦੇ ਖਜਾਲ

ਨੂੰ ਆਪਣੀ ਵਲ ਖਿਚਦਾ ਹੀ ਨਹੀਂ, ਓਹ ਤਾਂ ਕਿਸੇ ਹੋਰ ਹੀ ਖਿਆਲ ਦੀ ਲੜੀ ਵਿਚ ਮਗਨ ਹੁੰਦਾ ਹੈ।ਏਹੀ ਕਾਰਨ ਹੈ ਕਿ ਉਸਦੇ ਆਸ ਪਾਸ ਜੋ ਡਰੋਨ ਵਾਲੇ ਡਾਵਾਂ ਡੋਲ ਤਬੀਅਤ ਵਾਲੇ, ਤੇ ਸਦਾ ਪਰ ਔਗਣ ਵੇਖਨ ਵਾਲੇ ਪੁਰਸ਼ ਹਨ, ਓਹਨਾਂ ਦੇ ਨੀਚਤਾ ਭਰੇ ਤੇ ਨਿਰਾਸਤਾ ਸੰਪੰਨ ਖਿਆਲ ਉਸ ਉੱਤੇ ਕੁਝ ਭੀ ਅਸਰ ਨਹੀਂ ਰੱਖਦੇ, ਜੋ ਪੁਰਸ਼ ਡਰਾਕਲ ਤੇ ਹੋਛੇ ਸੁਭਾਵ ਦਾ ਹੁੰਦਾ ਹੈ, ਉਸਦੀ ਹਿੰਮਤ ਅਤੇ ਕੰਮ ਕਰਨ ਵਾਲੀਆਂ ਸਰੀਰਕ ਸ਼ਕਤੀਆਂ ਹੀ ਕੇਵਲ ਅਧੀਨ ਅਤੇ ਕਮਜ਼ੋਰ ਨਹੀਂ ਹੋ ਜਾਂਦੀਆਂ, ਜਾਂ ਉਸਦੇ ਚਿੱਤ ਵਿਖੇ ਪੈਦਾ ਹੋਣ ਵਾਲੇ ਇਸਤਰਾਂ ਦੇ ਖਿਆਲ ਦੇ ਅਸਰ ਤੋਂ ਸਿਰਫ ਓਹ ਤਾਕਤਾਂ ਹੀ ਨਹੀਂ ਮਾਰੀਆਂ ਜਾਂਦੀਆਂ, ਸਗੋਂ ਓਹ ਇਸ ਤ੍ਰੀਕੇ ਨਾਲ ਆਪਣੇ ਆਲੇ ਦੁਆਲੇ ਦੀ ਸ੍ਰਿਸ਼ਟੀ ਵਿਖੇ ਭੀ ਉਸੇ ਖਿਆਲ ਦੀ ਲੜੀ ਨਾਲ ਆਪਣਾ ਸੰਬੰਧ ਪ੍ਰਗਟ ਕਰ ਲੈਂਦਾ ਹੈ ਅਰ ਜਿੰਨਾ ਓਹ ਇਉਂ ਕਰਦਾ ਹੈ ਓਨਾਂ ਹੀ ਓਹ ਆਲੇ ਦੁਆਲੇ ਦੀਆਂ ਸਭ ਡਰਪੋਕ ਅਤੇ ਡਰੌਨ ਵਾਲੀਆਂ ਅਰ ਸੁਸਤਲ ਤਬੀਅਤਾਂ ਦਾ ਸ਼ਿਕਾਰ ਬਣ ਜਾਂਦਾ ਹੈ, ਤਾਕਤਵਰ ਹੋਣ ਦੀ ਥਾਂ ਓਹ ਨਿਰਬਲ ਹੋ ਜਾਂਦਾ ਹੈ, ਉਸਦੇ ਖਿਆਲ ਓਹਨਾਂ ਹੀ ਲੋਕਾਂ ਵਰਗੇ ਹੋ ਜਾਂਦੇ ਹਨ। ਜਿਨ੍ਹਾਂ ਦੀ ਬਾਬਤ ਇਹ ਗੱਲ ਠੀਕ ਹੈ, ਅਰਥਾਤ ਜੋ ਕੁਝ ਓਹਨਾਂ ਦੇ ਕੋਲ ਹੈ, ਓਹ ਭੀ ਓਹਨਾਂ ਕੋਲੋਂ ਲੈ ਲੀਤਾ ਜਾਵੇਗਾ, ਇਹ ਭੀ ਕੇਵਲ ਇਕ ਕੁਦਰਤੀ ਕਾਨੂਨ ਦਾ ਅਮਲ ਹੈ, ਹੂਬਹੂ ਓਹੀ ਕਾਨੂਨ ਜਿਸਦਾ ਅਮਲ ਉਸਦੇ ਉਲਟ (ਪੈਹਲਾਂ

ਵਰਨਨ ਹੋ ਚੁਕਾ) ਹੈ। ਅਜਿਹਾ ਨਾਂ ਹੋਵੇ ਕਿ ਜੋ ਕੁਝ ਮੇਰੇ ਕੋਲ ਹੈ, ਮੈਂ ਉਸਨੂੰ ਗੁਆ ਬੈਠਾਂ, ਏਸ ਡਰ ਕਰਕੇ ਮੈਂ ਉਸਨੂੰ ਆਪਣੇ ਬੁਚਕੇ ਵਿਚ ਬੰਨ੍ਹਕੇ ਰੱਖ ਛੱਡਦਾ ਹਾਂ। ਬਹੁਤ ਹੱਛਾ! ਫੇਰ ਤਾਂ ਮੈਨੂੰ ਜ਼ਰੂਰ ਇਸ ਗੱਲ ਦਾ ਫਲ ਭੁਗਤਨਾ ਪਵੇਗਾ, ਕਿ "ਡਰ ਹੈ ਕਿ ਕਿਤੇ ਮੈਂ ਗੁਆ ਨਾਂ ਬੈਠਾਂ" ਪਕਿਆਈ ਜਾਂ ਹਿੰਮਤ ਦੇ ਖਿਆਲਾਂ ਕਰਕੇ ਅੰਦਰੋਂ ਭੀ ਪ੍ਰਪੱਕਤਾ ਪੈਦਾ ਹੁੰਦੀ ਹੈ ਅਰ ਬਾਹਰੋਂ ਭੀ ਪ੍ਰਪੱਕਤਾ ਹੀ ਆਉਂਦੀ ਹੈ, ਕਮਜ਼ੋਰੀ ਅਤੇ ਨਿਰ-ਬਲਤਾ ਦੇ ਖਿਆਲਾਂ ਕਾਰਣ ਅੰਦਰੋਂ ਬਾਹਰੋਂ ਦੋਹਾਂ ਪਾਸਿਆਂ ਥੀਂ ਨਿਰਬਲਤਾ ਹੀ ਪ੍ਰਗਟ ਹੁੰਦੀ ਹੈ। ਦਲੇਰੀ ਤੋਂ ਹਿੰਮਤ ਵਧਦੀ ਹੈ ਅਰ ਡਰ ਤੋਂ ਨਿਰਬਲਤਾ ਪੈਦਾ ਹੁੰਦੀ ਹੈ ਅਰ ਏਸੇ ਵਾਸਤੇ ਦਲੇਰੀ ਤੋਂ ਸਫਲਤਾ ਅਰ ਡਰ ਤੋਂ ਅਸਫਲਤਾ ਪ੍ਰਗਟ ਹੁੰਦੀਆਂ ਹਨ। ਜਿਸ ਪੁਰਸ਼ ਨੂੰ ਚਾਹੇ ਇਸਤ੍ਰੀ ਹੋਵੇ ਚਾਹੇ ਮਰਦ, ਦ੍ਰਿੜ੍ਹ ਵਿਸਵਾਸ ਹੈ ਅਰ ਏਸੇ ਕਰਕੇ ਉਸਦੇ ਅੰਦਰ ਦਲੇਰੀ ਭੀ ਹੈ, ਓਹੀ ਪੁਰਸ਼ ਸਭ ਘਟਨਾਵਾਂ ਤੇ ਪ੍ਰਬਲ ਹੋ ਸਕਦਾ ਹੈ ਅਰ ਓਹੀ ਪੁਰਸ਼ ਹੋਰਨਾਂ ਤੇ ਆਪਣੀ ਤਾਕਤ ਦਾ ਦਬਦਬਾ ਜਮਾ ਸਕਦਾ ਹੈ। ਜਿਸ ਪੁਰਸ਼ ਨੂੰ ਵਿਸਵਾਸ ਨਹੀਂ ਅਰ ਜੋ ਡਰ ਅਤੇ ਅੰਦੇਸ਼ੇ ਕਰਕੇ ਅਧੀਰ ਅਤੇ ਅਸਮਰੱਥ (ਹੱਟਿਆ ਹੋਇਆ) ਹੈ, ਓਹ ਸਾਰੇ ਵਰਤਮਾਨ ਸਦਮਿਆਂ ਦੇ ਅਧੀਨ ਹੁੰਦਾ ਹੈ, ਮਾਨੋਂ ਓਹਨਾਂ ਦਾ ਗੁਲਾਮ ਹੈ।

ਜੋ ਸ਼ੈ ਹਰ ਇਕ ਪੁਰਸ਼ ਦੇ ਪਾਸ ਆਉਂਦੀ ਹੈ, ਉਸਦਾ ਕਾਰਨ ਉਸੇ ਪੁਰਸ਼ ਦੇ ਅੰਦਰ ਮੌਜੂਦ ਹੁੰਦਾ ਹੈ, ਇਸ ਗੱਲ ਦਾ ਫੈਸਲਾ ਕਰਨਾ ਕਿ ਕੇਹੜੀ ਸ਼ੈ ਹਰ ਇਕ

ਪੁਰਸ਼ ਦੇ ਕੋਲ ਆਵੇਗੀ, ਉਸਦੇ ਆਪਣੇ ਹੀ ਅਖ-ਤਿਆਰ ਵਿਚ ਹੈ। ਦ੍ਰਿਸ਼ਟਮਾਨ ਅਤੇ ਸਥੂਲ ਸ੍ਰਿਸ਼ਟੀ ਵਿਖੇ ਹਰ ਇਕ ਚੀਜ਼ ਦੀ ਅਸਲੀਅਤ ਅਦ੍ਰਿਸ਼ਜ, ਆਤਮਕ ਅਤੇ ਖਿਆਲੀ ਸ੍ਰਿਸ਼ਟੀ ਵਿਚ ਹੈ, ਇਹ ਅਦ੍ਰਿਸ਼ਜ ਅਤੇ ਖਿਆਲੀ ਸ੍ਰਿਸ਼ਟੀ ਕਾਰਨ ਹੈ ਅਰ ਦ੍ਰਿਸ਼ਮਾਨ ਅਤੇ ਸਥੂਲ ਸ੍ਰਿਸ਼ਟੀ ਕਾਰਜ ਹੈ, ਕਾਰਜ ਸਦੀਵ ਕਾਰਨ ਦੇ ਅਨੁਸਾਰ ਹੀ ਹੁੰਦਾ ਹੈ। ਜਿਸਤਰਾਂ ਦਾ ਜੀਵਨ ਕੋਈ ਪੁਰਸ਼ ਆਪਣੀ ਅਦ੍ਰਿਸ਼ਜ ਅਤੇ ਖਿਆਲੀ ਸ੍ਰਿਸ਼ਟੀ ਵਿਖੇ ਬਤੀਤ ਕਰਦਾ ਹੈ, ਉਸੇ ਜੀਵਨ ਨੂੰ ਅਮਲੀ ਤੌਰ ਤੇ ਆਪਣੀ ਦ੍ਰਿਸ਼ਮਾਨ ਅਤੇ ਸਥੂਲ ਸ੍ਰਿਸ਼ਟੀ ਵਿਖੇ ਪ੍ਰਗਟ ਕਰਦਾ ਹੈ, ਜੇ ਓਹ ਦ੍ਰਿਸ਼ਮਾਨ ਸ੍ਰਿਸ਼ਟੀ ਦੀ ਕਿਸੇ ਵਰਤਮਾਨ ਹਾਲਤ ਨੂੰ ਬਦਲਨਾ ਚਾਹੁੰਦਾ ਹੈ, ਤਾਂ ਉਸਨੂੰ ਉਚਿੱਤ ਹੈ ਕਿ ਖਿਆਲੀ ਸ੍ਰਿਸ਼ਟੀ ਵਿਚ ਜ਼ਰੂਰ ਹੀ ਤਬਦੀਲੀ ਪੈਦਾ ਕਰੇ। ਹਜ਼ਾਰਾਂ ਇਸਤ੍ਰੀ ਪੁਰਸ਼ ਜੋ ਹੁਣ ਸਾਡੇ ਆਲੇ ਦੁਆਲੇ ਨਿਰਾਸਤਾ ਦੀ ਹਾਲਤ ਵਿਚ ਹਨ; ਓਹਨਾਂ ਸਾਰਿਆਂ ਨੂੰ ਉਸ ਵੱਡੀ ਹਕੀਕਤ ਦੇ ਸਾਫ ਤੌਰ ਤੇ ਸਮਝਨ ਅਤੇ ਉਸ ਉੱਤੇ ਅਮਲ ਕਰਨ ਤੋਂ ਸਫਲਤਾ ਪ੍ਰਾਪਤ ਹੋਵੇਗੀ। ਹੁਣ ਜੋ ਹਜ਼ਾਰਾਂ ਪੁਰਸ਼ ਰੋਗ ਅਤੇ ਤਕਲੀਫ ਵਿਖੇ ਫਸੇ ਹੋਏ ਹਨ, ਇਸ ਗੱਲ ਤੋਂ ਵਧਕੇ ਓਹਨਾਂ ਨੂੰ ਅਰੋਗਤਾ ਅਤੇ ਸ਼ਕਤੀ ਪ੍ਰਾਪਤ ਹੋਵੇਗੀ। ਹੁਣ ਜੋ ਹਜ਼ਾਰਾਂ ਪੁਰਸ਼ ਅਪ੍ਰਸੰਨ ਅਤੇ ਦੁਖੀ ਮਨ ਹਨ, ਇਸ ਗੱਲ ਤੋਂ ਓਹਨਾਂ ਨੂੰ ਪੂਰਨ ਤਸੱਲੀ ਅਤੇ ਖੁਸ਼ੀ ਪ੍ਰਾਪਤ ਹੋਵੇਗੀ।

ਏਸ ਸੰਸਾਰ ਵਿਚ ਹਜ਼ਾਰਾਂ ਜੀਵਾਂ ਦੀ ਹਾਲਤ ਤੇ ਅਫਸੋਸ ਹੈ ਕਿ ਓਹ ਲਗਾਤਾਰ ਡਰੰ ਅਤੇ ਭੈ ਦੇ ਗੁਲਾਮ ਹੋਕੇ ਜੀਵਨ ਬਤੀਤ ਕਰਦੇ ਹਨ। ਅੰਤਰ ਵਰਤੀ ਰੂਹਾਂ ਜਾਂ ਤਬੀਅਤਾਂ ਪ੍ਰਪੱਕ ਅਤੇ ਬਲਵਾਨ ਹੋਣੀਆਂ ਚਾਹੀ-ਦੀਆਂ ਹਨ, ਜਿਹੜੀਆਂ ਕਿ ਅਸਮਰਥ ਤੇ ਬਲ ਹੀਣੀਆਂ ਹੋ ਗਈਆਂ ਹਨ, ਓਹਨਾਂ ਦੀਆਂ ਹਿੰਮਤਾਂ ਤੋੜੀਆਂ ਗਈਆਂ ਅਰ ਓਹਨਾਂ ਦੇ ਯਤਨਾਂ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਹਰ ਇਕ ਥਾਂ ਡਰ ਹੀ ਡਰ ਦ੍ਰਿਸ਼ਟੀ ਆਉਂਦਾ ਹੈ, ਕਿਧਰੇ ਗਰੀਬੀ ਦਾ ਡਰ, ਕਿਧਰੇ ਭੁਖ ਦਾ ਭੈ, ਕਿਧਰੇ ਬ੍ਰਾਦਰੀ ਦੇ ਛੇਕਨ ਦਾ ਡਰ, ਕਿਧਰੇ ਕਿਸੇ ਖਾਸ ਪੁਰਸ਼ ਦਾ ਡਰ, ਕਿਧਰੇ ਇਸ ਗੱਲ ਦਾ ਡਰ ਕਿ ਜੋ ਕੁਝ ਅਜ ਸਾਡਾ ਹੈ, ਕੱਲ ਨੂੰ ਸ਼ਾਇਦ ਸਾਡਾ ਨਾਂ ਰਹੇ, ਕਿਧਰੇ ਬੀਮਾਰੀ ਦਾ ਡਰ ਅਰ ਕਿਧਰੇ ਮੌਤ ਦਾ ਡਰ, ਗੱਲ ਕੀ ਡਰ ਹਜ਼ਾਰਾਂ ਲੱਖਾਂ ਆਦਮੀਆਂ ਦਾ ਦੂਜਾ ਸੁਭਾਉ ਬਣਕੇ ਓਹਨਾਂ ਦੀ ਵਾਦੀ ਵਿਚ ਪ੍ਰਵਿਰਤ ਹੋ ਗਿਆ ਹੈ। ਖਿਆਲ ਹੀ ਹਰ ਇਕ ਥਾਂ ਤੇ ਮੌਜੂਦ ਹੈ ਅਰ ਖਿਆਲ ਹੀ ਸਾਡੇ ਉੱਤੇ ਹਰ ਪਾਸਿਓਂ ਆ ਵਾਪਰਦਾ ਹੈ। ਜਿਸ ਚੀਜ਼ ਦੇ ਖੁੱਸ ਜਾਣ ਅਤੇ ਗੁੰਮ ਹੋ ਜਾਣ ਦਾ ਸਾਨੂੰ ਅੰਦੇਸ਼ਾ ਹੈ, ਉਸਦੇ ਖੁਹਾ ਬੈਹਨ ਦਾ ਸਭ ਤੋਂ ਸੌਖਾ ਅਤੇ ਬਹੁਤ ਛੇਤੀ ਵਸੀਲਾ ਇਹ ਹੈ ਕਿ ਲਗਾਤਾਰ ਭੈ ਅਤੇ ਗੁਲਾਮੀ ਦੀ ਹਾਲਤ ਵਿਚ ਜੀਵਨ ਬਤੀਤ ਕਰੀਏ ਅਰ ਹਰ ਇਕ ਚੀਜ਼ ਤੋਂ ਲਗਾ-ਤਾਰ ਡਰਦੇ ਰਹਣਾ, ਕਿ ਹਾਇ! ਇਹ ਜਾਂਦੀ ਰਹੇਗੀ, ਚਾਹੇ ਪਿਆਰ ਦਾ ਨੁਕਸਾਨ ਹੋਵੇ, ਚਾਹੇ ਰੁਪਏ ਦਾ ਨੁਕ-

ਸਾਨ ਹੋਵੇ, ਚਾਹੇ ਪਦਵੀ ਜਾਂ ਦਰਜੇ ਦਾ ਨੁਕਸਾਨ ਹੋਵੇ, ਇਹ ਇਕ ਨੁਕਸਾਨ ਹੋਣ ਦੇ ਸਾਵਧਾਨ ਵਸੀਲਿਆਂ ਨੂੰ ਅੰਗੀਕਾਰ ਕਰਨਾ ਹੈ, ਕਿਉਂਕਿ ਜਿਸ ਬਾਬਤ ਅਸੀ ਡਰਾਂਗੇ, ਓਹ ਸਾਡੇ ਤੇ ਵਾਪਰ ਕੇ ਹੀ ਰਹੇਗਾ।

ਭੈ ਜਾਂ ਡਰ ਤੋਂ ਕੁਝ ਭੀ ਪ੍ਰਾਪਤ ਨਹੀਂ ਹੁੰਦਾ, ਸਗੋਂ ਉਲਟ ਇਸਦੇ ਹਰ ਇਕ ਚੀਜ਼ ਨਸ਼ਟ ਹੋ ਜਾਂਦੀ ਹੈ। ਇਕ ਪੁਰਸ਼ ਇਹ ਆਖਦਾ ਹੈ :"ਮੈਂ ਜਾਣਦਾ ਹਾਂ ਕਿ ਇਹ ਸਚ ਹੈ, ਪਰ ਮੈਨੂੰ ਭੈ ਖਾਨ ਜਾਂ ਡਰਨ ਦੀ ਵਾਦੀ ਪੈ ਗਈ ਹੈ, ਇਹ ਮੈਨੂੰ ਕੁਦਰਤੀ ਹੀ ਵਾਦੀ ਹੋ ਗਈ ਹੈ, ਇਸਦਾ ਕੁਝ ਉਪਾਇ ਨਹੀਂ, ਸ਼ੋਕ! ਇਸਦਾ ਕੁਝ ਇਲਾਜ ਨਹੀਂ, ਇਹ ਆਖਨ ਤੋਂ ਤੁਹਾਡੇ ਭੈ ਦਾ ਇਕ ਵਡਾ ਕਾਰਨ ਇਹ ਮਲੂਮ ਹੁੰਦਾ ਹੈ ਕਿ ਤੁਸੀ ਅਜੇ ਆਪਣੀ ਹਾਲਤ ਤੋਂ ਪੂਰੇ ਪੂਰੇ ਜਾਣੂੰ ਨਹੀਂ ਹੋ, ਤੁਹਾਨੂੰ ਆਪਣੀਆਂ ਤਾਕਤਾਂ ਨੂੰ ਜਾਨਨ ਥੀਂ ਆਪਣੇ ਹਾਲ ਤੋਂ ਜਾਣੂੰ ਹੋਣਾ ਜ਼ਰੂਰੀ ਹੈ ਅਰ ਜਦੋਂ ਤਾਈਂ ਤੁਸੀ ਆਪ-ਣੀਆਂ ਸ਼ਕਤੀਆਂ ਨੂੰ ਨਹੀਂ ਜਾਣੋਂਗੇ, ਤਦੋਂ ਤਾਈਂ ਤੁਸੀ ਓਹਨਾਂ ਕੋਲੋਂ ਸਿਆਣਪ ਨਾਲ ਪੂਰੀ ਤਰਾਂ ਕੰਮ ਨਹੀਂ ਲੈ ਸਕਦੇ। ਇਹ ਨਾਂ ਆਖੋ ਕਿ ਉਸਦਾ ਕੁਝ ਇਲਾਜ਼ ਨਹੀਂ, ਜੇ ਤੁਹਾਡੀ ਰਾਇ ਵਿਚ ਉਸਦਾ ਕੁਝ ਇਲਾਜ ਨਹੀਂ ਹੈ ਤਾਂ ਐਸਾ ਹੀ ਸਮਾਗਮ ਰਹੂ ਕਿ ਉਸਦਾ ਉਪਾਇ ਹੋ ਹੀ ਨਹੀਂ ਸਕਦਾ, ਜੇ ਤੁਹਾਡੀ ਰਾਇ ਵਿਚ ਉਸਦਾ ਕੁਝ ਉਪਾਇ ਹੋ ਸਕਦਾ ਹੈ ਅਰ ਤੁਸੀ ਇਸ ਖਿਆਲ ਦੇ ਅਨੁਸਾਰ ਅਮਲ ਕਰੋ ਤਾਂ ਫੇਰ ਇਹੀ ਨਹੀਂ ਕਿ ਤੁਸੀ ਉਸਦਾ ਇਲਾਜ ਕਰ ਸਕੋਗੇ, ਸਗੋਂ

ਇਹ ਗੱਲ ਨਿਸਚੇ ਹੈ ਕਿ ਜੇ ਤੁਸੀ ਆਪਣੀ ਰਾਇ ਦੇ ਅਨੁਸਾਰ ਪੂਰੀ ਤਰਾਂ ਅਮਲ ਕਰੋ, ਤਾਂ ਤੁਸੀ ਉਸਦਾ ਇਲਾਜ ਕਰ ਸਕਦੇ ਹੋ ਅਤੇ ਕਰ ਲਵੋਗੇ। ਇਸ ਵਿਚ ਭੋਰਾ ਭਰ ਭੀ ਸ਼ੱਕ ਨਾਂ ਸਮਝੋ,ਜੋ ਕੁਝ ਤੁਸੀ ਕਰ ਸਕਦੇ ਹੋ ਤੇ ਜੋ ਕੁਝ ਤੁਸੀ ਚਾਹੁੰਦੇ ਹੋ ਓਹ ਜ਼ਰੂਰ ਹੀ ਹੋਵਗਾ। ਵਰਜਲ ਕਵੀਸ਼ਰ ਦਾ ਖਿਆਲ ਸੀ. ਕਿ ਜਹਾਜ਼ ਵਾਲੇ ਲੋਕ ਬਾਜ਼ੀ ਜਿੱਤ ਜਾਨਗੇ, ਇਸ ਵਾਸਤੇ ਉਨਾਂ ਦਾ ਵਰਨਨ ਕਰਨ ਵੇਲੇ ਉਸਨੇ ਓਹਨਾਂ ਦੀ ਬਾਬਤ ਇਹ ਬਚਨ ਉਚਾਰਨ ਕੀਤੇ :"ਓਹ ਬਾਜੀ ਲੈ ਜਾ ਸਕਦੇਹਨ, ਕਿਉਂਕਿ ਓਹਨਾਂ ਨੂੰ ਖਿਆਲ ਹੈ ਕਿ ਅਸੀ ਜਿੱਤ ਸਕਦੇ ਹਾਂ, ਜਾਂ ਬਾਜੀ ਲੈ ਜਾ ਸਕਦੇ ਹਾਂ" ਜਾਂ ਇਉਂ ਆਖੋ ਕਿ ਓਹਨਾਂ ਵਲੋਂ ਇਸਤਰਾਂ ਦੇ ਸੁਭਾਉ ਦਾ ਹੋਣਾ ਓਹਨਾਂ ਦੇ ਸਰੀਰਾਂ ਵਿਚ ਆਤਮਕ ਸ਼ਕਤੀ ਅਤੇ ਜੋਸ਼ ਪੈਦਾ ਕਰ ਦੇਵੇਗਾ ਅਰ ਉਸਤੋਂ ਓਹਨਾਂ ਵਿਚ ਪ੍ਰਪੱਕਤਾ ਅਤੇ ਦ੍ਰਿੜ੍ਹਤਾ ਪ੍ਰਗਟ ਹੋ ਜਾਵੇਗੀ, ਜਿਸ ਕਰਕੇ ਬਾਜ਼ੀ ਜਿੱਤ ਸੱਕਨਗੇ। ਇਸ ਲਈ ਆਪਣੇ ਚਿਤ ਅੰਦਰ ਇਹ ਖਿਆਲ ਰੱਖੋ ਕਿ ਅਸੀ ਕਰ ਸਕਦੇ ਹਾਂ, ਤਾਂ ਇਸਨੂੰ ਸਾਰੇ ਖਿਆਲਾਂ ਦੀ ਜੜ੍ਹ ਮੂਲ ਜਾਂ ਕੇਵਲ ਬੀਜ ਸਮਝੋ, ਇਸਦਾ ਬੂਟਾ ਆਪਣੀ ਸੁਰਤ ਵਿਖੇ ਗੱਡ ਲਵੋ ਅਰ ਉਸ ਨੂੰ ਪਾਣੀ ਦੇ ਦੇ ਕੇ ਪਾਲਦੇ ਰਹੋ, ਇਹ ਚਹੁੰ ਪਾਸੀਂ ਫੈਲ ਜਾਵੇਗਾ ਅਰ ਪੱਕਾ ਹੋ ਜਾਵੇਗਾ, ਜੋ ਆਤਮਕ ਸ਼ਕਤੀ ਤੁਹਾਡੇ ਅੰਦਰ ਹੁਣ ਏਧਰ ਓਧਰ ਖਿਲਰੀ ਹੋਈ ਹੈ ਅਬ ਕਿਸੇ ਕੰਮ ਦੀ ਨਹੀਂ ਹੈ, ਇਹ ਅਸਲ ਖਿਆਲ ਉਸ ਸ਼ਕਤੀ ਨੂੰ

ਇਕ ਥਾਂ ਅਕੱਠਾ ਕਰ ਦੇਵੇਗਾ ਅਰ ਇਕਤ੍ਰ ਤੇ ਅਸਰ ਵਾਲਾ ਬਨਾ ਦੇਵੇਗਾ। ਬਾਹਰਲੀ ਸ਼ਕਤੀ ਉਸਦੀ ਵਲ ਖਿਚੀ ਆਵੇਗੀ, ਏਸੇਤਰਾਂ ਦੀਆਂ ਹੋਰ ਤਬੀਅਤਾਂ ਜੋ ਨਿਡਰ ਅਤੇ ਬਲਵਾਨ ਅਰ ਦਲੇਰ ਹਨ, ਇਸਦੇ ਅਸਰ ਦੁਆਰਾ ਤੁਹਾਡੀਆਂ ਮੱਦਦਗਾਰ ਅਤੇ ਸਹਾਇਕ ਹੋਣਗੀਆਂ, ਇਸਤਰਾਂ ਕਰਕੇ ਐਸੇ ਖਿਆਲ ਦੀ ਲੜੀ ਨੂੰ ਤੁਸੀ ਆਪਣੇ ਵਲ ਖਿਚੋਗੇ ਅਰ ਉਸੇ ਨਾਲ ਆਪਣਾਂ ਸੰਬੰਧ ਪ੍ਰਗਟ ਕਰੋਗੇ, ਜੇ ਤੁਸੀ ਆਪਣੇ ਕੰਮ ਵਿਖੇ ਸਾਵ-ਧਾਨੀ ਅਤੇ ਭ੍ਰੋਸੇ ਨਾਲ ਲਗੇ ਹੋਏ ਹੋ ਤਾਂ ਉਹ ਵੇਲਾ ਛੇਤੀ ਹੀ ਆ ਜਾਏਗਾ ਕਿ ਤੁਹਾਡਾ ਸਾਰਾ ਹੀ ਡਰ ਦੂਰ ਹੋ ਜਾਵੇਗਾ ਅਤੇ ਅਧੀਰਤਾ ਅਰ ਗੁਲਾਮੀ ਦੀ ਹਾਲਤ ਦੀ ਥਾਂ ਤੁਸੀ ਵੇਖੋਗੇ ਕਿ ਤੁਸੀ ਤਾਣ (ਬਲ) ਦੇ ਬੁਰਜ ਬਨ ਗਏ ਹੋ ਤੇ ਸਭ ਘਟਨਾਂ ਤੁਹਾਡੇ ਅਧੀਨ ਹੋ ਗਈਆਂ ਹਨ, ਤੇ ਸਾਨੂੰ ਨਿਤਾ ਪ੍ਰਤੀ ਜੀਵਨ ਵਿਖੇ ਵਧੇਰੇ ਵਿਸ੍ਵਾਸ ਦੀ ਲੋੜ ਹੈ, ਜੋ ਤਾਕਤ ਕਿ ਸਾਰਿਆਂ ਦੀ ਭਲਿਆਈ ਅਰ ਫਾਇਦੇ ਵਾਸਤੇ ਕੰਮ ਕਰ ਰਹੀ ਹੈ, ਉਸ ਵਿਚ ਨਿਸਚਾ, ਬੇਅੰਤ ਵਾਹਗੁਰੂ ਦੀ ਹਸਤੀ ਤੇ ਭਰੋਸਾ ਅਰ ਏਸੇ ਵਾਸਤੇ ਸਾਨੂੰ ਆਪਣੇ ਵਿਖੇ ਭੀ ਭਰੋਸਾ ਕਰਨਾ ਜ਼ਰੂਰੀ ਹੈ ਕਜੋਂ ਜੋ ਅਸੀ ਅਕਾਲਪੁਰਖ ਦੀ ਪ੍ਰਤਿਮਾਂ ਰੂਪ ਪੈਦਾ ਹੋਏ੨ ਹਾਂ, ਚਾਹੇ ਵੇਲੇ ਕਵੇਲੇ ਚੀਜ਼ਾਂ ਕਿਸੇ ਹਾਲਤ ਵਿਚ ਹੋਵਨ ਅਰ ਚਾਹੇ ਸ਼ਕਲਾਂ ਭਾਵੇਂ ਕਿਹੀਆਂ ਹੀ ਡਰਾ-ਉਣੀਆਂ ਹੋਵਨ, ਪਰ ਇਸ ਗੱਲ ਦਾ ਗਿਆਨ ਕਿ "ਅਕਾਲ ਪੁਰਖ ਸਾਡਾ ਏਸੇ ਤਰਾਂ ਰਾਖਾ ਹੈ, ਜਿਹਾ ਕਿ ਓਹ ਬਅੰਤ ਸ੍ਰਿਸ਼ਟੀਆਂ ਅਰ ਓਹਨਾਂ ਦੇ ਸੂਰਜ ਆਦ

ਗ੍ਰਹਾਂ ਦੇ ਪ੍ਰਬੰਧ ਦਾ ਖਿਆਲ ਰੱਖਦਾ ਹੈ।" ਇਹ ਭਰੋਸਾ ਸਾਡੇ ਅੰਦਰ ਇਹ ਉੱਤਮ ਵਿਸਵਾਸ ਪੈਦਾ ਕਰੇਗਾ ਕਿ ਸੰਸਾਰ ਦੀ ਨਿਆਈਂ ਸਾਡੀ ਹਾਲਤ ਭੀ ਸਹੀ ਸਲਾਮਤ (ਰਾਜ਼ੀ ਬਾਜ਼ੀ) ਹੈ,, ਜਿਸ ਪੁਰਸ਼ ਦੀ ਤਬੀਅਤ ਤੇਰੇ ਉੱਤੇ ਭਰੋਸੇ ਵਾਲੀ ਹੈ ਉਸਨੂੰ ਤੂੰ ਪੂਰੀ ਪੂਰੀ ਸਲਾਮਤੀ ਦੀ ਹਾਲਤ ਵਿਚ ਰੱਖੇਂਗਾ।

ਈਸ਼੍ਵਰ ਨਾਲੋਂ ਵਧੀਕ ਪੱਕੀ ਅਤੇ ਸੱਚੀ ਅਰ ਸਭਨਾਂ ਪਾਸਿਆਂ ਤੋਂ ਬਚੀ ਹੋਈ ਕੋਈ ਚੀਜ਼ ਨਹੀਂ ਹੈ, ਇਸ ਵਾਸਤੇ ਜਦੋਂ ਅਸੀ ਇਹ ਮਲੂਮ ਕਰਦੇ ਹਾਂ ਕਿ ਉਸ ਬੇਅੰਤ ਸ਼ਕਤੀ ਦਾ ਪੂਰੀ ਤਰਾਂ ਨਾਲ ਆਪਣੇ ਅੰਦਰ ਆਉਣ ਦੇਣਾ ਸਾਡੇ ਆਪਣੇ ਵੱਸ ਵਿਚ ਹੈ ਅਰ ਜੇ ਅਸੀ ਉਸਦਾ ਪ੍ਰਕਾਸ਼ ਆਪਣੇ ਅੰਦਰ ਅਰ ਆਪਣੇ ਦੁਆਰਾ ਹੋਣ ਦੇਂਦੇ ਹਾਂ ਤਾਂ ਅਸੀ ਆਪਣੇ ਅੰਦਰ ਇਕ ਸਦੀਵ ਵਧਨ ਵਾਲੀ ਸ਼ਕਤੀ ਅਨਭਵ ਕਰਾਂਗੇ, ਕਿਉਂਕਿ ਇਸਤਰਾਂ ਨਾਲ ਅਸੀ ਉਸਦੇ ਨਾਲ ਸ਼ਰੀਕ ਹੋਕੇ ਕੰਮ ਕਰ ਰਹੇ ਹਾਂ ਅਰ ਉਹ ਸਾਡੇ ਨਾਲ ਮਿਲਕੇ ਕੰਮ ਕਰ ਰਹੀ ਹੈ। ਫੇਰ ਅਸੀ ਇਸ ਗੱਲ ਨੂੰ ਜਿੱਥੋਂ ਤਾਈਂ ਹੋ ਸਕੇ ਸਮਝਨ ਲੱਗਦੇ ਹਾਂ ਕਿ ਸਾਰੀਆਂ ਚੀਜ਼ਾਂ ਮਿਲਕੇ ਓਹਨਾਂ ਲੋਕਾਂ ਦੇ ਲਾਭ ਵਾਸਤੇ ਕੰਮ ਕਰ ਰਹੀਆਂ ਹਨ, ਜੋ ਨੇਕੀ ਨੂੰ ਪਸੰਦ ਕਰਦੇ ਹਨ। ਫੇਰ ਜੋ ਖੌਫ ਅਤੇ ਅੰਦੇਸ਼ੇ ਸਾਡੇ ਉੱਤੇ ਪਿੱਛੇ ਪ੍ਰਬਲ ਸਨ, ਹੁਣ ਓਹ ਵਿਸਵਾਸ ਵਿਚ ਬਦਲ ਜਾਣਗੇ ਅਰ ਵਿਸਵਾਸ ਜਦੋਂ ਠੀਕ ਠੀਕ ਸਮਝ ਵਿਚ ਆ ਜਾਵੇ ਅਰ ਉਸਦਾ ਵਰਤਾਉ ਠੀਕ ਠੀਕ ਕੀਤਾ ਜਾਵੇ, ਇਕ ਅਜਿਹੀ ਤਾਕਤ

ਹੈ ਕਿ ਉਸਦੇ ਅੱਗੇ ਹੋਰ ਕੋਈ ਚੀਜ਼ ਠੈਹਰ ਹੀ ਨਹੀਂ ਸਕਦੀ।

ਨਾਸਤਕਤਾ ਤੋਂ ਸੁਤੇ ਹੀ ਪਰਾਏ ਔਗਣ ਵੇਖਨ ਦੀ ਵਾਦੀ ਪੈਦਾ ਹੁੰਦੀ ਹੈ ਅਰ ਏਸਤੋਂ ਸਿਵਾਇ ਹੋਰ ਕਿਸਤਰਾਂ ਹੋ ਸਕਦਾ ਹੈ ਇਸ ਗੱਲ ਦਾ ਗਿਆਨ ਕਿ ਆਤਮਕ ਸ਼ਕਤੀ ਸਾਡੇ ਅੰਦਰ ਅਰ ਸਾਡੇ ਦੁਆਰਾ ਇਵੇ ਹੀ ਹੋਰ ਸਾਰੀਆਂ ਚੀਜ਼ਾਂ ਵਿਚ ਅਰ ਓਹਨਾਂ ਦੁਆਰਾ ਅਮਲ ਕਰ ਰਹੀ ਹੈ ਅਰ ਇਹ ਤਾਕਤ ਸਚਾਈ ਵਾਸਤੇ ਅਮਲ ਕਰ ਰਹੀ ਹੈ, ਪਰਾਏ ਗੁਣ ਵੇਖਨ ਵਲ ਪ੍ਰੇਰਦੀ ਹੈ, ਪਰ ਇਹ ਔਗਣ ਵੇਖਨ ਤੋਂ ਨਿਰ-ਬਲਤਾ ਅਰ ਗੁਣ ਵੇਖਨ ਤੋਂ ਤਾਕਤ ਪੈਦਾ ਹੁੰਦੀ ਹੈ। ਜੋ ਪੁਰਸ਼ ਪ੍ਰਮਾਤਮਾਂ ਵਲ ਲੱਗਾ ਹੋਇਆ ਹੈ ਅਰ ਉਸ ਉੱਤੇ ਪੂਰਾ ਪੂਰਾ ਭਰੋਸਾ ਰੱਖਦਾ ਹੈ, ਓਹ ਹਰ ਇਕ ਤਰਾਂ ਦੀ ਮੁਸੀਬਤ ਨੂੰ ਸਹਾਰ ਸਕਦਾ ਹੈ ਅਰ ਹਰ ਇਕ ਤਰਾਂ ਦੇ ਤੂਫਾਨ ਨੂੰ ਅਧੀਨ ਕਰਕੇ ਉਸਦਾ ਅਜਿਹੀ ਤਸੱਲੀ ਅਤੇ ਆਰਾਮ ਨਾਲ ਟਾਕਰਾ ਕਰਦਾ ਹੈ, ਜਿਹਾ ਕਿ ਓਹ ਹੱਛੀ ਰੁਤ ਦਾ ਮੁਕਾਬਲਾ ਕਰਦਾ ਹੈ, ਕਿਉਂਕਿ ਓਹ ਵਾਹਗੁਰੂ (ਰੱਬ) ਦੇ ਭਰੋਸੇ ਤੇ ਨਿਰਭੈ ਬੈਠਾ ਹੋਇਆ ਹੈ ਅਰ ਪੈਹਲਾਂ ਤੋਂ ਹੀ ਆਉਨ ਵਾਲੇ ਫਲ ਨੂੰ ਜਾਨ ਲੈਂਦਾ ਹੈ। ਉਸਨੂੰ ਮਲੂਮ ਹੈ ਕਿ ਮੇਰੇ ਸਹਾਰੇ ਵਾਸਤੇ ਨਾਸ ਰਹਤ ਬਾਹਾਂ ਦੀਆਂ ਵਾੜਾਂ ਲੱਗੀਆਂ ਹੋਈਆਂ ਹਨ, ਇਹੀ ਪੁਰਸ਼ ਉਸ ਰੱਬੀ ਹੁਕਮ ਦੀ ਸਚਾਈ ਪੂਰੀ ਪੂਰੀ ਸਮਝ ਲੈਂਦਾ ਹੈ "ਈਸ਼੍ਵਰ ਤੇ ਭਰੋਸਾ ਰੱਖ, ਸਬਰ ਕਰ ਅਰ ਉਸਦੇ ਦਿੱਤੇ ਤੇ ਸ਼ੁਕਰ

ਗੁਜ਼ਾਰ ਹੋ, ਓਹ ਤੇਰੇ ਦਿਲ ਦੀ ਮੁਰਾਦ ਪੂਰੀ ਕਰੇਗਾ" ਜੋ ਪੁਰਸ਼ ਲੈਨ ਲਈ ਤਿਆਰ ਹੈ ਉਸਨੂੰ ਸਭ ਕੁਝ ਦਿੱਤਾ ਜਾਵੇਗਾ, ਸਾਫ ਤਰਾਂ ਨਾਲ ਦਿੱਤਾ ਜਾਵੇਗਾ। ਵੇਖੋ ਇਹ ਹੁਕਮ ਕਿਹੇ ਸਾਫ ਵਾਕਾਂ ਵਿਚ ਵਰਨਨ ਕੀਤਾ ਗਿਆ ਹੈ, ਇਸਤੋਂ ਹੋਰ ਕੀ ਸਾਫ ਹੋ ਸਕਦਾ ਹੈ।

ਤਾਂਤੇ ਜਿੰਨਾ ਅਸੀ ਉਸ ਵੱਡੀ ਸ਼ਕਤੀ ਅਰਥਾਤ ਸਰਵ ਸ਼ਕਤੀਮਾਨ ਦੇ ਨਾਲ ਮਿਲਕੇ ਕੰਮ ਕਰਾਂਗੇ, ਓਨਾਂ ਹੀ ਸਾਨੂੰ ਨਤੀਜਿਆਂ ਦਾ ਖਿਆਲ ਰੱਖਨ ਦੀ ਕੋਈ ਲੋੜ ਨਾਂ ਹੋਵੇਗੀ। ਇਸ ਗੱਲ ਨੂੰ ਅਰ ਉਸਦੇ ਫਲ ਨੂੰ ਪੂਰਾ ਪੂਰਾ ਅਨਭਉ ਕਰਕੇ ਜੀਵਨ ਬਤੀਤ ਕਰਨ ਤੋਂ ਪੂਰਨ, ਸੱਚੀ ਅਰ ਅਟੱਲ ਸ਼ਾਂਤੀ ਪ੍ਰਾਪਤ ਹੁੰਦੀ ਹੈ। ਇਕ ਅਜਿਹਾ ਅਮਨ ਜੋ ਵਰਤਮਾਨ ਹਾਲਤ ਨੂੰ ਪੂਰਨ ਬਨਾ ਦੇਂਦਾ ਹੈ ਅਰ ਅੱਗੇ ਜਾਕੇ ਇਹ ਪ੍ਰਪੱਕ ਨਿਸਚੇ ਕਰਾਂਦਾ ਹੈ ਕਿ ਜਿਉਂ ਜਿਉਂ ਸਮਾਂ ਬੀਤਦਾ ਜਾਇਗਾ, ਉਤਨੀ ਉਤਨੀ ਹੀ ਸਾਡੀ ਤਾਕਤ ਭੀ ਵਧੀਕ ਹੁੰਦੀ ਜਾਇਗੀ। ਜੋ ਪੁਰਸ਼ ਇਸ ਅਮਨ ਵਾਲੀ ਥਾਂ ਵਿਚ ਈਸ਼੍ਵਰ ਤੇ ਭਰੋਸਾ ਰੱਖਕੇ ਨਿਰਭੈ ਬੈਠਾ ਹੈ, ਉਸਦੇ ਅਮਨ ਵਿਚ ਕਿਸੇ ਤਰਾਂ ਦੀ ਬੇਕਰਾਰੀ ਅਰ ਘਬਰਾਹਟ ਵਿਘਨ ਨਹੀਂ ਪਾਵੇਗੀ ਅਰ ਓਹ ਪੁਰਸ਼ ਅਨਭਉ ਕਰ ਅਤੇ ਕਹਿ ਸਕਦਾ ਹੈ:-

ਜਲਦੀ ਨੂੰ ਮੈਂ ਬੰਦ ਕਰੰਨਾ, ਡੇਰ ਕਰੰਦਾਂ ਹਾਂ ਮੈਂ। ਕਿਤ ਗੁਣ ਕਾਰਣ ਉੱਛਲ ਉੱਛਲ, ਕਦਮ ਧਰੰਦਾ ਹਾਂ ਮੈਂ ? ਪੱਕੇ ਰਾਹਾਂ ਵਿਚ ਖੜੋਵਾਂ, ਮੂਲ ਨਹੀਂ ਮੈਂ ਹਿੱਲਦਾ। ਜ ਕੁਝ ਮੇਰਾ, ਮੁਝ ਤਕਾਵੇ,

ਅੰਨ ਸਮੇਂ ਸਿਰ ਮਿਲਦਾ। ਸੁੱਤੇ ਜਾਗੇ ਨਿਸਦਿਨ ਮਿੱਤ੍ਰ! ਮੈਂ ਓਹਨਾਂ ਨੂੰ ਢੂੰਡਾਂ। ਜਿਹੜੇ ਮਿੱਤ੍ਰ ਢੂੰਡ ਰਹੇ, ਮੈਂ ਲੁਕਿਆ ਗਲੀਆਂ ਗੂਢਾਂ। ਤਨ ਮੇਰੇ ਨਹਿ ਸਕੇ ਚਲਾਈ, ਪਵਣ ਬੇਗ ਕਰਿ ਚੱਲੇ। ਕਾਂਗ ਨਸੀਬੀਂ ਭਾਵੇਂ ਆਵੇ, ਮੇਰਾ ਪੈਰ ਨ ਹੱਲੇ। ਸਾਗਰ ਅਪਨੇ ਅਪਨੇ ਜਾਨਣਿ, ਓਨ੍ਹਾਂ ਖਿੱਚਨ ਨਾਲੇ। ਟਿੱਲੇ ਉੱਚ ਪਹਾੜਾਂ ਉੱਤੋਂ, ਝਰਨ ਜੋ ਨਦੀਆਂ ਨਾਲੇ। ਇਵੇਂ ਵਹਿੰਦੀ ਸਦਾ ਭਲਾਈ, ਐਨ ਨੇਤ ਅਨੁਸਾਰੀ। ਸੁੱਛ ਅਨੰਦੀ ਆਤਮ ਝਾਈਂ, ਲੇਸ ਨਹੀਂ ਦੁਖਜਾਰੀ।ਨਿਤ ਨਿਤ ਚੜ੍ਹਨ ਸਤਾਰੇ ਰਾਤੀਂ, ਚਮਕਨ ਵਿਚ ਅਕਾਸੇ। ਵਿਚ ਸਮੁੰਦ੍ਰ ਲਹਿਰੀਂ ਠਾਠਾਂ, ਉਪਜੇ ਔਰ ਬਿਨਾਸੇ। ਨਾਂ ਹੀ ਵੇਲਾ, ਠੌਰ ਨਹੀਂ, ਨਹਿ ਹੂੰਘ ਉਚਾਈ ਨਾਹੀਂ। ਸਕੇਂ ਪਰੇਡੇ ਕਰ ਮੁਝ ਹੂੰ ਤੇ, ਜੋ ਮੰਗੀ ਮੁਝ ਪਾਹੀ।

"ਮੈਂ ਛੇਤੀ ਨਹੀਂ ਮੈਂ ਧੀਰਜ ਨਾਲ ਕੰਮ ਕਰਦਾ ਹਾਂ, ਕਿਉਂਕਿ ਕਾਹਲ ਤੋਂ ਕੁਝ ਭੀ ਪ੍ਰਾਪਤ ਨਹੀਂ ਹੁੰਦਾ, ਮੈਂ ਅਟੱਲ ਅਤੇ ਨਾਸ ਰਹਤ ਢੰਗਾਂ ਤੇ ਕਾਇਮ ਹਾਂ ਅਰ ਜੋ ਕੁਝ ਮੇਰਾ ਹੈ ਓਹ ਜ਼ਰੂਰ ਮੈਨੂੰ ਮਿਲੇਗਾ, ਚਾਹੇ ਜਾਗਦਾ ਹੋਵਾਂ ਚਾਹੇ ਸੁੱਤਾ ਹੋਇਆ ਹੋਵਾਂ,ਚਾਹੇ ਦਿਨ ਹੋਵੇ ਚਾਹੇ ਰਾਤ ਹੋਵੇ। ਜਿਨ੍ਹਾਂ ਮਿੱਤ੍ਰਾਂ ਦੀ ਭਾਲ ਕਰਦਾ ਹਾਂ, ਓਹੀ ਮੈਨੂੰ ਭੀ ਢੂੰਡ ਰਹੇ ਹਨ, ਤੂਫਾਨ ਜਾਂ ਝੱਖੜ ਮੇਰੀ ਬੇੜੀ ਨੂੰ ਕੁਰਾਹੇ ਨਹੀਂ ਪਾ ਸਕਦੇ ਅਰ ਨਾਂ ਮੇਰੀ ਕਿਸ-ਮਤ ਦੀ ਰੌ ਨੂੰ ਬਦਲ ਸਕਦੇ ਹਨ।ਜਿਸਤਰਾਂ ਕਿ ਦਰਯਾ

ਆਪਣੀਆਂ ਆਪਣੀਆਂ ਨਦੀਆਂ ਨੂੰ ਪਛਾਨਦੇ ਹਨ ਅਰ ਓਹਨਾਂ ਉਚਿਆਈ ਤੋਂ ਆਉਣ ਵਾਲੀਆਂ ਨਦੀਆਂ ਨੂੰ ਆਪਣੇ ਵਲ ਖਿੱਚ ਲੈਂਦੇ ਹਨ, ਏਸੇ ਤਰਾਂ ਨੇਕੀ ਭੀ ਪਵਿਤ੍ਰ ਖੁਸ਼ੀ ਨਾਲ ਭਰੀ ਹੋਈ ਆਤਮਾਂ ਨੂੰ ਪ੍ਰੇਰਨਾਂ ਕਰਦੀ ਹੈ। ਜਿਹਾ ਕਿ ਤਾਰੇ ਰਾਤ ਵੇਲੇ ਅਕਾਸ਼ ਤੇ ਨਿਕਲਦੇ ਹਨ ਅਰ ਜੁਆਰ ਭਾਟੇ ਦੀ ਲੈਹਰ ਸਮੁੰਦ੍ਰ ਵਲ ਆਉਂਦੀ ਹੈ, ਏਸੇ ਤਰਾਂ ਜੋ ਮੇਰਾ ਹੈ ਓਹ ਜ਼ਰੂਰ ਮੈਨੂੰ ਮਿਲੇਗਾ ਅਰ ਵੇਲਾ ਥਾਂ ਡੂੰਘਿਆਈ ਜਾਂ ਉਚਿ-ਆਈ ਦੇ ਕਾਰਨ ਓਹ ਮੈਥੋਂ ਕਦੀ ਭੀ ਦੂਰ ਨਹੀਂ ਹੋਵੇਗਾ।"

ਘਰ ਨੂੰ ਆਵੇ ਖੇਂਚਿਆ ਫਿਰ ਕਰਕੈ ਸੋਊ।
ਜਿਸਤੋਂ ਪੈਦਾ ਹੋਇਆ ਤਿਸ ਵਿਚ ਲੈ ਹੋਊ।
ਕਰਿਆ ਸਾਰਿਆ ਨਿਜ ਦਾ ਚਲ ਆਵੈ ਆਪੇ।
ਤਜ ਦੇਵੋ ਆਸਾ ਤ੍ਰਿਖਾ ਰਹੁ ਅਮਨ ਅਮਾਪੇ॥

ਸ਼ਾਂਤੀ ਵਿਚ ਗਲਤਾਨ ਰਹੋ ਸੱਤਜ ਨਾਮ ਲਿਵ ਲਾਇ।
ਲੋੜ ਥੋੜ ਕੁਝ ਨਾਂ ਰਹੇ ਤੋ ਪਹਿ ਸਭ ਚਲਿ ਆਇ॥

---

੮. ਪੂਰਨ ਸ਼ਕਤੀ (ਬਲ) ਦਾ ਪ੍ਰਾਪਤ ਕਰਨਾ!

ਅੰਦਰ ਦੇਵੇ ਖੋਲ੍ਹ, ਸੁਰਤ ਨਿਰਤੇ ਕੀ ਤਾਕ ਸੋਂ।
ਘਾਟ ਮੇਂ ਬੋਲੇ ਬੋਲ, ਸ਼ਕਤੀ ਨਿਧ ਪੂਰਣ ਗੁਰੂ॥

ਇਹ ਅਪਾਰ ਸ਼ਕਤੀ ਦੀ ਆਤਮਾਂ ਹੈ ਅਰ ਜਿਨਾ

ਅਸੀ ਉਸਨੂੰ ਆਪਣੇ ਅੰਦਰ ਆਉਣ ਦੇਵਾਂਗੇ ਸਾਡੇ ਅੰਦਰ ਓਨਾਂ ਹੀ ਬਲ ਪ੍ਰਗਟ ਹੋਵੇਗਾ। ਈਸ਼੍ਵਰ ਅੱਗੇ ਸਭ ਕੁਝ ਸੰਭਵ ਹੈ ਅਰਥਾਤ ਕਰਤਾਰ ਨਾਲ ਮਿਲਕੇ ਕੰਮ ਕਰਨ ਤੋਂ ਸਭ ਕੁਝ ਹੋ ਸਕਦਾ ਹੈ,ਈਸ਼੍ਵਰ ਪ੍ਰਮਾਤਮਾਂ ਜੋ ਸਾਰੀਆਂ ਚੀਜ਼ਾਂ ਵਿਚ ਵਰਤਦਾ ਰਹਿੰਦਾ ਹੈ ਉਸਦੇ ਨਾਲ ਸੰਬੰਧ ਰੱਖਨ ਤੋਂ ਅਸਲੀ ਸ਼ਕਤੀ (ਤਾਕਤ) ਦਾ ਭੇਤ ਖੁੱਲ੍ਹ ਜਾਂਦਾ ਹੈ ,ਅਰ ਜਿੰਨਾ ਅਸੀ ਏਸ ਸੰਬੰਧ ਨੂੰ ਕਾਇਮ ਰੱਖਾਂਗੇ ਓਨਾਂ ਅਸੀ ਖਿਆਲ ਵਿਚ ਆਉਣ ਵਾਲੇ ਹਰ ਇਕ ਬੰਧਨ ਤੋਂ ਮੁਕਤ ਹੋ ਸਕਾਂਗੇ।

ਇਸਲਈ ਅਪਾਰ ਸ਼ਕਤੀ ਦੀ ਪ੍ਰਾਪਤੀ ਲਈ ਏਧਰ ਉਧਰ ਨੱਸ ਭੱਜ ਕੇ ਸਮੇਂ ਦੇ ਬੇਅਰਥ ਗੁਆਨ ਦੀ ਕੀ ਲੋੜ ਹੈ ? ਇਸ ਅਮਲ ਜਾਂ ਉਸ ਅਮਲ ਵਿਚ ਸਮਾਂ ਗੁਆਨ ਦੀ ਕੀ ਲੋੜ ਹੈ?ਪਗਡੰਡੀਆਂ ਵਿਚ ਉੱਚੀਆਂ ਘਾਟੀਆਂ ਵਿਚ ਅਰ ਪਹਾੜ ਦੀਆਂ ਕੱਛੀਆਂ ਵਿਖੇ ਫਿਰਨ ਦੀ ਥਾਂ ਸਿੱਧੇ ਪਹਾੜ ਦੀ ਚੋਟੀ ਤੇ ਕਿਉਂ ਨਾਂ ਚੜ੍ਹ ਜਾਓ, ਸੰਸਾਰ ਦੀਆਂ ਸਾਰੀਆਂ ਪਵਿਤ੍ਰ ਪੁਸਤਕਾਂ ਵਿਚ ਜੋ ਇਹ ਸਿੱਖਿਆ ਕੀਤੀ ਗਈ ਹੈ ਕਿ ਮਨੁਸ਼ ਨੂੰ ਸਰਬੱਗਜਤਾ ਦੀ ਹਕੂਮਤ ਪ੍ਰਾਪਤ ਹੈ "ਅਵਰ ਜੋਨਿ ਤੇਰੀ ਪਨਿਹਾਰੀ।ਇਸ ਧਰਤੀ ਮਹਿ ਤੇਰੀ ਸਿਕਦਾਰੀ।" ਇਹ ਧਾਰਨਾ ਪ੍ਰਕ੍ਰਿਤੀ (ਮਾਇਕ)ਮਨੁਖ ਦੀ ਬਾਬਤ ਠੀਕ ਨਹੀਂ ਹੈ,ਕੇਵਲ ਆਤਮਕ ਪੁਰਸ਼ ਦੀ ਬਾਬਤਹੈ।ਜਿਹਾਕਿ ਬਹੁਤ ਸਾਰੇ ਐਸੇ ਜੀਵ ਹਨ ਜੋ ਪੁਰਸ਼ ਨਾਲੋਂ ਕੱਦ ਵਿਚ ਵੱਡੇ ਅਤੇ ਮਜ਼ਬੂਤ ਹਨ, ਬਨਾਵਟਦੇ ਨੁਕਤੇ ਦੇ ਲਿਹਾਜ਼ ਨਾਲ

ਪੁਰਸ਼ ਓਹਨਾਂ ਤੇ ਪ੍ਰਬਲ ਨਹੀਂ ਆ ਸਕਦਾ, ਪਰ ਉੱਚ ਤੋਂ ਉੱਚ ਮਾਨਸਕ ਤੇ ਆਤਮਕ ਸ਼ਕਤੀਆਂ ਜੋ ਮਨੁਸ਼ ਨੂੰ ਪ੍ਰਾਪਤ ਹੋਈਆਂ ਹਨ ਓਹਨਾਂ ਨੂੰ ਵਰਤੋਂ ਵਿਚ ਲਿਆਉਨ ਤੋਂ ਓਹਨਾਂ ਜੀਵਾਂ ਨੂੰ ਭੀ ਇਹ ਆਪਣੇ ਵੱਸ ਵਿਚ ਕਰ ਸਕਦਾ ਹੈ।

ਜੋ ਕੰਮ ਸਰੀਰਿਕ ਹਾਲਤ ਵਿਚ ਨਹੀਂ ਹੋ ਸਕਦਾ ਆਤਮਕ ਹਾਲਤ ਵਿਚ ਕੀਤਾ ਜਾ ਸਕਦਾ ਹੈ ਅਰ ਜਿੰਨੇ ਅੰਸ ਵਿਚ ਕੋਈ ਪੁਰਸ਼ ਆਪਣੇ ਆਪ ਨੂੰ ਆਤਮਾਂ ਰੂਪ ਪਛਾਣਦਾ ਅਰ ਉਸਦੇ ਅਨੁਸਾਰ ਜੀਵਨ ਬਤੀਤ ਕਰਦਾ ਹੈ, ਓਨਾਂ ਹੀ ਓਹ ਬਲ ਵਿਚ ਉਸ ਪੁਰਸ਼ ਨਾਲੋਂ ਵਧ ਜਾਏਗਾ ਜੋ ਆਪਣੇ ਆਪ ਨੂੰ ਕੇਵਲ ਇਕ ਮਾਇਕ ਚੀਜ਼ ਸਮਝਦਾ ਹੈ। ਸੰਸਾਰ ਦੀਆਂ ਸਾਰੀਆਂ ਧਾਰਮਕ ਪੁਸਤਕਾਂ ਵਿਚ ਅਜੇਹੀਆਂ ਉਦਾਹਰਨਾਂ ਭਰੀਆਂ ਹੋਈਆਂ ਹਨ, ਜਿਨ੍ਹਾਂ ਨੂੰ ਅਸੀ ਮੁਹਜਜ਼ੇ ਜਾਂ ਕਰਾਮਾਤਾਂ ਆਖਦੇ ਹਾਂ, ਕਰਾਮਾਤਾਂ ਵਾਸਤੇ ਕੋਈ ਖਾਸ ਵੇਲੇ ਜਾਂ ਥਾਂ ਮੁਕੱਰਰ ਨਹੀਂ ਹਨ। ਅਸੀ ਇਹ ਨਿਰਣੇ ਨਹੀਂ ਕਰ ਸਕਦੇ ਕਿ ਇਹ ਜ਼ਮਾਨਾ ਕਰਾਮਾਤਾਂ ਦਾ ਹੈ ਅਰ ਇਹ ਕਰਾਮਾਤਾਂ ਦਾ ਨਹੀਂ ਹੈ, ਜੋ ਕੁਝ ਸ੍ਰਿਸ਼ਟੀ ਦੇ ਇਤਿਹਾਸ ਵਿਖੇ ਪੈਹਲਾਂ ਹੋ ਚੁਕਾ ਹੈ ਓਹਨਾਂ ਹੀ ਸ਼ਕਤੀਆਂ ਅਤੇ ਨਿਯਮਾਂ ਨੂੰ ਵਰਤੋਂ ਵਿਚ ਲਿਆਉਣ ਤੋਂ ਓਹੀ ਸਭ ਕੁਝ ਫੇਰ ਕੀਤਾ ਜਾ ਸਕਦਾ ਹੈ। ਇਹ ਮੁਹਜਜ਼ੇ (ਕਰਾਮਾਤਾਂ) ਅਜਿਹੇ ਪੁਰਸ਼ਾਂ ਨੇ ਨਹੀਂ ਵਖਾਏ ਜੋ ਮਨੁਖਾਂ ਨਾਲੋਂ ਵਧਕੇ ਸਨ, ਸਗੋਂ ਓਹਨਾਂ ਪੁਰਸ਼ਾਂ ਨੇ ਵਖਾਏ ਹਨ ਜੋ ਈਸ਼੍ਵਰ ਪ੍ਰਮਾਤਮਾਂ ਨਾਲ ਆਪਣਾ ਏਕ-

ਤਾਈ ਵਾਲਾ ਸੰਬੰਧ ਮਲੂਮ ਕਰਕੇ ਈਸ਼੍ਵਰੀ ਮਨੁਸ਼ ਬਨ ਗਏ ਸਨ, ਇਸ ਵਾਸਤੇ ਉੱਚ ਤੋਂ ਉੱਚ ਸ਼ਕਤੀਆਂ ਅਤੇ ਤਾਕਤਾਂ ਓਹਨਾਂ ਦੁਆਰਾ ਵਰਤਾਰੇ ਵਿਚ ਆ ਰਹੀਆਂ ਸਨ।

ਹੁਣ ਸੁਆਲ ਇਹ ਹੈ ਕਿ ਮੁਹਜਜ਼ਾ ਕਿਸ ਵਾਸਤੇ ਹੁੰਦਾ ਹੈ ? ਕੀ ਕਰਾਮਾਤ ਸਿਆਣਪ ਨਾਲੋਂ ਕੋਈ ਚੜ੍ਹਵੀਂ ਚੀਜ਼ ਹੈ ? ਓਹ ਸਿਆਣਪ ਨਾਲੋਂ ਵਧਕੇ ਕੇਵਲ ਓਹਨਾਂ ਅਰਥਾਂ ਵਿਚ ਹੈ ਕਿ ਓਹ ਕੁਦਰਤੀ ਜਾਂ ਸਧਾਰਨ ਹਾਲਤ ਤੋਂ ਵਧਕੇ ਹੈ, ਜਾਂ ਇਉਂ ਆਖੋ ਕਿ ਉਸ ਹਾਲਤ ਨਾਲੋਂ ਵਧਕੇ ਹੈ ਜਿਸਨੂੰ ਮਨੁਸ਼ ਆਪਣੀ ਸਧਾਰਨ ਹਾਲਤ ਵਿਚ ਕੁਦਰਤੀ ਸਮਝਦਾ ਹੋਵੇ, ਮੁਹਜਜ਼ਾ ਕੇਵਲ ਇਹੀ ਚੀਜ਼ ਹੈ, ਨਾਂ ਇਸਤੋਂ ਵਧ ਅਰ ਨਾਂ ਇਸਤੋਂ ਘਟ ਹੈ। ਜਿਸ ਪੁਰਸ਼ ਨੂੰ ਇਹ ਗਿਆਨ ਹੋ ਗਿਆ ਹੈ ਕਿ ਮੇਰੇ ਵਿਚ ਅਤੇ ਉਸ ਸਰਵੱਗਜ ਅਤੇ ਅੰਤ੍ਰਜਾਮੀ ਪ੍ਰਮਾਤਮਾਂ ਵਿਖੇ ਜ਼ਰਾ ਭੀ ਭੇਦ ਨਹੀਂ ਹੈ ਅਰ ਅਸੀ ਦੋਵੇਂ ਅਸਲ ਵਿਚ ਇਕ ਹੀ ਹਾਂ, ਉਸਤੇ ਓਹ ਉੱਚ ਤੋਂ ਉੱਚ ਕਾਨੂਨਾਂ ਦਾ ਭੇਤ ਖੁੱਲ੍ਹ ਸਕਦਾ ਹੈ, ਜੋ ਸਾਧਾਰਨ ਪੁਰਸ਼ ਤੇ ਨਹੀਂ ਖੁੱਲ੍ਹ ਸਕਦਾ। ਇਹ ਪੁਰਸ਼ ਓਹਨਾਂ ਨਿਯਮਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ, ਲੋਕ ਕੇਵਲ ਭਾਂਵਾਂ (ਨਤੀਜਿਆਂ) ਨੂੰ ਵੇਖਦੇ ਹਨ ਅਰ ਆਪਣੇ ਪ੍ਰਛਿੰਨ ਗਿਆਨ ਦੇ ਬੰਧਨਾਂ ਕਰਕੇ ਓਹਨਾਂ ਨੂੰ ਮੁਹਜਜ਼ੇ ਆਖਦੇ ਹਨ ਅਰ ਜੋ ਪੁਰਸ਼ ਓਹਨਾਂ ਪ੍ਰਤੱਖ ਕਰਾਮਾਤੀ ਕੰਮਾਂ ਨੂੰ ਕਰਦਾ ਹੈ ਉਸਨੂੰ ਕਰਾਮਾਤ ਦਾ ਮਾਲਕ ਆਖਦੇ ਹਨ, ਪਰ ਜੇ ਇਹ ਲੋਕ ਭੀ ਅੰਤ੍ਰੀਵੀ ਅਮਲ

ਦੁਆਰਾ ਓਹਨਾਂ ਕਾਨੂਨਾਂ ਨੂੰ ਮਲੂਮ ਕਰ ਲੈਣ ਅਰ ਈਸੇਤਰਾਂ ਓਹਨਾਂ ਹੀ ਸਮਰੱਥਤਾਈਆਂ ਅਤੇ ਸ਼ਕਤੀਆਂ ਨੂੰ ਪਛਾਨਨ ਲੱਗ ਪੈਣ, ਤਾਂ ਇਹ ਭੀ ਕਰਾਮਾਤੀ ਪੁਰਸ਼ਾਂ ਵਾਂਗ ਓਹਨਾਂ ਕਰਾਮਾਤੀ ਕੰਮਾਂ ਜਾਂ ਮੁਹਜਜ਼ਿਆਂ ਨੂੰ ਕਰ ਸੱਕਨ। ਅਰ ਸਾਨੂੰ ਇਹ ਗੱਲ ਚੇਤੇ ਰੱਖਣੀ ਉਚਿੱਤ ਹੈ।ਜਿਸਤਰਾਂ ਉੱਨਤੀ ਕਰਨ ਦੇ ਵਰਤਾਰੇ ਵਿਚ ਅਸੀ ਨੀਚ ਦਸ਼ਾ ਤੋਂ ਉੱਚ ਦਸ਼ਾ ਵਿਚ ਅਰ ਮਾਇਕ ਤੋਂ ਆਤਮਕ ਹਾਲਤ ਵਿਚ ਤ੍ਰਕੀ ਕਰਦੇ ਰਹਿੰਦੇ ਹਾਂ, ਈਸੇ ਤਰਾਂ ਜੋ ਚੀਜ ਕੱਲ ਕਰਾਮਾਤੀ ਸੀ ਓਹ ਅਜ ਮਾਮੂਲੀ ਅਤੇ ਕੁਦਰਤੀ ਹੋ ਜਾਂਦੀ ਹੈ ਅਰ ਈਸੇ ਤਰਾਂ ਜੋ ਚੀਜ਼ ਅਜ ਕਰਾਮਾਤੀ ਮਲੂਮ ਹੁੰਦੀ ਹੈ ਕੱਲ ਨੂੰ ਓਹੀ ਕੁਦਰਤੀ ਹੋਜਾਇਗੀ,ਏਸਤਰਾਂ ਸਮਾਂ ਪਾਕੇ ਇਹ ਭੀ ਜਾਣ ਲਓ। ਇਹ ਈਸ਼੍ਵਰੀ ਮਨੁਸ਼ ਹੈ ਜੋ ਪ੍ਰਤੱਖ ਕਰਾਮਾਤੀ ਕੰਮ ਕਰਦਾ ਹੈ, ਇਹੀ ਮਨੁਖ ਹੈ ਜੋ ਉੱਚ ਤੋਂ ਉੱਚ ਸ਼ਕਤੀਆਂ ਨੂੰ ਸਮਝਨ ਕਰਕੇ ਬਹੁਤ ਸਾਰੇ ਮਨੁਖਾਂ ਨਾਲੋਂ ਵਧ ਜਾਂਦਾ ਹੈ ਅਰ ਇਸ ਵਾਸਤੇ ਓਹਨਾਂ ਵਿਚ ਉਸਦੀ ਪਦਵੀ ਬਹੁਤ ਵੱਡੀ ਗਿਣੀ ਜਾਂਦੀ ਹੈ, ਪਰ ਜੋ ਤਾਕਤ ਇਕ ਇਨਸਾਨੀ ਜੀਵ ਨੂੰ ਪ੍ਰਾਪਤ ਹੋ ਸਕਦੀ ਹੈ ਓਹ ਦੂਜੇ ਇਨਸਾਨ ਨੂੰ ਭੀ ਪ੍ਰਾਪਤ ਹੋ ਸਕਦੀ ਹੈ, ਹਰ ਇਕ ਜੀਵਨ ਵਿਚ ਇਕੋ ਜਿਹੇ ਨਿਯਮ ਅਮਲ ਕਰਦੇ ਹਨ। ਅਸੀ ਚਾਹੀਏ ਤਾਂ ਬਲਵਾਨ ਹੋ ਸਕਦੇ ਹਾਂ ਅਰ ਚਾਹੀਏ ਤਾਂ ਨਿਰਬਲ। ਜਦੋਂ ਹੀ ਕਿ ਇਕ ਪੁਰਸ਼ ਇਹ ਗੱਲ ਚੰਗੀ ਤਰਾਂ ਸਮਝ ਲੈਂਦਾ ਹੈ ਕਿ ਓਹ ਤ੍ਰੱਕੀ ਕਰਕੇ ਉੱਚ ਦਸ਼ਾ ਨੂੰ ਪਹੁੰਚ ਸਕਦਾ ਹੈ,ਓਹ ਜ਼ਰੂਰ ਇਸ ਉੱਚ

ਹਾਲਤ ਨੂੰ ਪਹੁੰਚ ਜਾਇਗਾ ਅਰ ਜੋ ਬੰਧਨ ਓਹ ਆਪਣੇ ਵਾਸਤੇ ਮੁਕੱਰਰ ਕਰਦਾ ਸੀ, ਓਹਨਾਂ ਤੋਂ ਛੁਟ ਉਸਦੇ ਵਾਸਤੇ ਹੋਰ ਕਿਸੇ ਤਰਾਂ ਦੇ ਬੰਧਨ ਉੱਕਾ ਹੀ ਨਹੀਂ ਰਹਨਗੇ। ਮਲਾਈ ਹਮੇਸ਼ਾ ਉੱਠਕੇ ਦੁਧ ਦੇ ਉੱਪਰ ਆ ਜਾਂਦੀ ਹੈ, ਕੇਵਲ ਏਸੇ ਵਾਸਤੇ ਕਿ ਮਲਾਈ ਦੀ ਖਾਸੀਅਤ (ਗੁਣ) ਉੱਪਰ ਉੱਠਨਾ ਹੈ। ਅਸੀ ਆਲੇ ਦੁਆਲੇ ਦੀਆਂ ਚੀਜਾਂ ਦੇ ਅਸਰ ਦੀ ਬਾਬਤ ਬਹੁਤ ਕੁਝ ਸੁਣਦੇ ਹਾਂ, ਸਾਨੂੰ ਇਸ ਗੱਲ ਦੇ ਸਮਝਨ ਦੀ ਲੋੜ ਹੈ ਕਿ ਆਸ ਪਾਸ ਦੇ ਲੋਕਾਂ ਦੇ ਅਸਰ ਤੋਂ ਮਨੁਖ ਕੁਝ ਨਹੀਂ ਬਨ ਸਕਦਾ, ਸਗੋਂ ਪੁਰਸ਼ ਹਮੇਸ਼ਾ ਆਪਣੇ ਹਲਕੇ (ਘੇਰੇ) ਨੂੰ ਮੁਕੱਰਰ ਕਰ ਸਕਦਾ ਹੈ, ਅਰਥਾਤ ਆਪਣੇ ਆਸ ਪਾਸ ਦੇ ਲੋਕਾਂ ਤੋਂ ਅਸਰ ਪ੍ਰਾਪਤ ਕਰਨ ਦੀ ਥਾਂ ਓਹਨਾਂ ਨੂੰ ਆਪਣੀ ਹਾਲਤ ਵਿਚ ਲੈ ਆ ਸਕਦਾ ਹੈ। ਇਸ ਗੱਲ ਦੇ ਸਮਝਨ ਅਤੇ ਵਰਤੋਂ ਵਿਚ ਲਿਆਉਨ ਤੋਂ ਸਾਨੂੰ ਮਲੂਮ ਹੋਵੇਗਾ ਕਿ ਬਹੁਤੀ ਵਾਰ ਇਹ ਜ਼ਰੂਰੀ ਨਹੀਂ ਕਿ ਅਸੀ ਖਾਸ ਜਮਾਤ ਜਾਂ ਫਿਰਕੇ ਤੋਂ ਆਪਣੇ ਆਪ ਨੂੰ ਅੱਡ ਕਰ ਲਵੀਏ, ਕਿਉਂਕਿ ਸੰਭਵ ਹੈ ਕਿ ਅਸੀ ਉਥੇ ਕੁਝ ਕੰਮ ਕਰੀਏ, ਸਗੋਂ ਜੋ ਤਾਕਤ ਸਾਡੇ ਅੰਦਰ ਮੌਜੂਦ ਹੈ ਉਸ ਦੁਆਰਾ ਅਸੀ ਅਸਚਰਜ ਹਾਲਤ ਕਰ ਸਕੀਏ ਅਤੇ ਵਰਤਾਰਿਆਂ ਨੂੰ ਇਸ ਤਰਾਂ ਪਲਟਾ ਦੇਵੀਏ ਕਿ ਪੁਰਾਣੀ ਜਮਾਤ ਜਾਂ ਫਿਰਕੇ ਵਿਚ ਉੱਕੀਆਂ ਨਵੀਆਂ ਸੂਰਤਾਂ ਪੈਦਾ ਹੋ ਜਾਣ।

ਇਹੀ ਗੱਲ ਜੱਦੀ ਗੁਣਾਂ ਅਤੇ ਤਸੀਰਾਂ ਦੀ ਬਾਬਤ ਠੀਕ ਹੈ, ਬਾਜ਼ੇ ਵੇਲੇ ਸਾਥੋਂ ਇਹ ਪੁਛਿਆ ਜਾਂਦਾ

ਹੈ ਕਿ "ਕੀ ਇਹ ਅਧੀਨ ਹੋ ਸਕਦੀ ਹੈ?" ਜੋ ਪੁਰਸ਼ ਆਪਣੀ ਅਸਲੀਅਤ ਨੂੰ ਨਹੀਂ ਜਾਣਦਾ, ਓਹੀ ਏਸ ਤਰਾਂ ਦਾ ਪ੍ਰਸ਼ਨ ਕਰ ਸਕਦਾ ਹੈ। ਜੇ ਅਸੀ ਇਹ ਵਿਸ-ਵਾਸ ਕਰੀਏ ਅਰ ਏਸ ਵਿਸਵਾਸ ਉੱਤੇ ਅਮਲ ਕਰੀਏ ਕਿ ਇਹ ਜੱਦੀ ਗੁਣ ਅਰ ਤਾਸੀਰਾਂ ਵੱਸ ਨਹੀਂ ਕੀਤੀਆਂ ਜਾ ਸਕਦੀਆਂ, ਤਾਂ ਓਹ ਸਦਾ ਹੀ ਕਾਇਮ ਰਹਿਣਗੀਆਂ, ਪਰ ਜਿਸ ਘੜੀ ਕਿ ਅਸੀ ਆਪਣੇ ਆਪ ਨੂੰ ਅਸਲੋਂ ਅਨਭਉ ਕਰ ਲਈਏ ਅਰ ਇੰਞ ਹੀ ਆਪਣੀਆਂ ਪ੍ਰਾਕਰਮੀ ਸ਼ਕਤੀਆਂ ਤੇ ਤਾਕਤਾਂ ਨੂੰ ਆਪਣੇ ਅੰਦਰ ਪਛਾਨ ਲਈਏ, ਤਾਂ ਇਨ੍ਹਾਂ ਤਾਕਤਾਂ ਅੱਗੇ ਜੱਦੀ ਗੁਣ ਤੇ ਤਸੀਰਾਂ ਜੋ ਨੁਕਸਾਨ ਕਰਨ ਵਾਲੀਆਂ ਸਨ ਘੱਟ ਹੋਣ ਲੱਗ ਪੈਣਗੀਆਂ ਅਰ ਜਿਤਨੀ ਹੀ ਏਸ ਅਨਭਉ ਦੀ ਪੂਰਣਤਾ ਅਸੀ ਕਰਾਂਗੇ ਉਤਨੀ ਹੀ ਛੇਤੀ ਇਹ ਸਾਫ ਸਾਫ ਨਿਵਿਰਤ ਹੋ ਜਾਨ-ਗੀਆਂ :—

ਅਸੀ ਅਧੀਨ ਨਹੀਂ ਕਰ ਸਕੀਏ, ਐਸੀ ਵਸ੍ਤੁ ਨ ਕਾਈ। ਕਹੋ ਨ ਭੈੜੀ ਅੰਕਲ ਆਪਨੀ, ਆਨੋਂ ਧੁਰ ਤੇ ਆਈ। ਜਾਂ ਕਿ ਕੋਈ ਭੈੜੀ ਵਾਦੀ, ਤੇਰਾ ਜੀਉਣ ਵਿਗਾੜੇ। ਜਿਸਦੇ ਲੈਕ ਨਹੀਂ ਤੂੰ ਹੋਵੇਂ, ਧੱਕੇ ਮਾਰ ਪਛਾੜੇ ॥੧॥ ਤੇਰੇ ਪਿਤਾ ਪਿਤਾਮਾ ਸਾਰੇ, ਪਿੱਠ ਪਿਛੋਰੇ ਆਹਿਨ। ਸੱਚੀ ਇੱਛਾ ਸ਼ਕਤਿ ਮਹਾਨੀ, ਭੀ ਤੇਰੀ ਅਪਨਾਇਨ। ਦ੍ਰਿੜ੍ਹ, ਮੋਹਨੀ, ਦੇਵੀ ਇਹ ਸ਼ਕਤੀ, ਸਤ ਚਿਤ ਆਨੰਦ ਰੂਪਾ। ਹਿੰਮਤ ਵੰਤੇ ਹਿਤ ਸਿਧੀਦਾ,

ਲੀਵ੍ਰ ਸਹੀ ਅਨੂਪਾ ॥ ੨ ॥ ਐਸੀ ਬਪੁਰੀ ਕੌਨ ਚੜ੍ਹਾਈ, ਨਹਿ ਚੜ੍ਹ ਤੂੰ ਜੋ ਸੱਕੇਂ? ਫਤੇ ਵੰਦੀਆਂ ਸਗਲ ਤੇਰੀਆਂ, ਸਮਾਂ ਭਵਿੱਖੀ ਤੱਕੇਂ। ਜੇਕਰ ਜੋ ਕੁਝ ਤੇਰਾ ਔਗੁਣ, ਤਿਹ ਹਿਤ ਠਿਠਰ ਨ ਠਹਿਰੀਂ। ਰਖਜਾ ਰਬੀ, ਡੰਡਾ ਪਕੜੀਂ, ਓਸ ਸਹਾਰੇ ਬਹਿਰੀਂ ॥ ੩ ॥ ਧਰਤੀ ਦੇ ਵਿਚ ਤਾਬ ਨਹੀਂ, ਨਹਿ ਜੀਵ-ਵਿਰੋਧ ਕਰਾਵੇ। ਉਸ ਅਬਿ-ਨਾਸੀ ਸੋਮੇਂ ਸੰਦਾ, ਆਪੂੰ ਅੰਗ ਜੰਨਾਵੇ। ਤੇਰੀ ਰੂਹੀ ਤਾਕਤ ਅੱਗੇ ਕੁਝ ਨਹੀਂ ਟਿਕ ਸੱਕੇ। ਆਤਮ ਕੇਰਾ ਦੈਵੀ ਵਿਰਸਾ, ਸਕਲ ਸਿਰੋਮਣਿ ਤੱਕੇ ॥ ੪ ॥

ਇਸਤੋਂ ਛੁਟ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਅਤਜੰਤ ਨੀਚ ਹਾਲਤ ਵਿਖੇ ਰਹਿੰਦੇ ਹਨ, ਕਿਉਂਕਿ ਓਹ ਆਪਣੇ ਆਪ ਨੂੰ ਲਗਾਤਾਰ ਦੂਸਰਿਆਂ ਦੇ ਹਵਾਲੇ ਕਰ ਦੇਂਦੇ ਹਨ। ਜੇ ਤੁਸੀ ਸ੍ਰਿਸ਼ਟੀ ਵਿਚ ਬਲ ਦਾ ਇਕ ਸਾਖਿਆਤ ਕਾਰ ਰੂਪ ਬਣਨਾ ਚਾਹੁੰਦੇ ਹੋ, ਤਾਂ ਆਪਣੀ ਹਿੰਮਤ ਤੇ ਆਪ ਬਨ ਸਕਦੇ ਹੋ, ਆਪਣੇ ਆਪ ਨੂੰ ਸਾਧਾਰਨ ਪੁਰਸ਼ਾਂ ਵਿਖੇ ਨਾਂ ਗਿਣੋਂ ਅਰ ਇਹ ਨਾਂ ਆਖੋ ਕਿ ਅਸੀ ਤਾਂ ਸਤ ਬਚਨੀਏਂ ਲੋਕਾਂ ਵਿਚੋਂ ਹਾਂ, ਤੁਹਾਡੀ ਆਤਮਾਂ ਦੇ ਅੰਦਰ ਜੋ ਸਭ ਤੋਂ ਉੱਤਮ ਚੀਜ਼ ਹੈ ਉਸ ਉੱਤੇ ਕਾਇਮ ਰਹੋ ਅਰ ਫੇਰ ਕਿਸੇ ਰਵਾਜ ਰਸਮ ਰੀਤ ਜਾਂ ਮਨੁਖ ਦੇ ਮਨਘੜਤ ਨਿਯਮਾਂ ਤੇ ਨਾਂ ਚਲੋ, ਕਿਉਂਕਿ ਇਹ ਕਿਸੇ ਅਸੂਲ ਤੇ ਨਿਰਭਰ ਨਹੀਂ ਹਨ। ਚਾਹੇ ਪੁਰਖ ਹੋਨ ਚਾਹੇ ਇਸਤ੍ਰੀ, ਜਿਨ੍ਹਾਂ ਲੋਕਾਂ ਦੇ ਮਨ

ਅਤੇ ਚਿਤ ਵਿਚ ਸਚਾਈ ਭਰੀ ਹੋਈ ਹੈ ਓਹ ਹਰ ਹਾਲਤ ਵਿਚ ਓਹਨਾਂ ਗੱਲਾਂ ਦੀ ਤਾਮੀਲ ਕਰਨਗੇ, ਜੋ ਕਿ ਅਸੂਲ ਤੇ ਨਿਰਭਰ ਹਨ,। ਤੁਹਾਡਾ ਆਪਣਾ ਆਪ ਜਾਂ ਮਰਦਊ ਹੀ ਤੁਹਾਡੇ ਬਲ ਦਾ ਸਭ ਤੋਂ ਵੱਡਾ ਵਸੀਲਾ ਹੈ, ਇਸਨੂੰ ਛੱਡਕੇ ਓਹ ਰਸਮਾਂ ਤੇ ਰਵਾਜ ਅਖਤਿਆਰ ਨਾਂ ਕਰੋ ਜੋ ਅਜਿਹੇ ਲੋਕਾਂ ਨੇ ਬਨਾਏ ਹਨ, ਜਿਨ੍ਹਾਂ ਵਿਚ ਆਪਣੇ ਹੀ ਅਸੂਲਾਂ ਤੋ ਕਾਇਮ ਰਹਨ ਦੀ ਸਮਰੱਥਾ ਨਹੀਂ ਹੈ, ਜਾਂ ਜਿਨ੍ਹਾਂ ਨੇ ਆਪਣੇ ਆਪ ਨੂੰ ਹੋਰਨਾਂ ਦੇ ਹੱਥ ਭੰਗ ਦੇ ਭਾੜੇ ਵੇਚ ਦਿੱਤਾ ਹੈ । ਜੇ ਤੁਸੀ ਇਉਂ ਕਰਕੇ ਆਪਣਾ ਅਸਲੀ ਜੌਹਰ ਦੇ ਦਿਓਗੇ ਤਾਂ ਤੁਸੀ ਕੇਵਲ ਨਾ ਪਸੰਦ ਹਾਲਤਾਂ ਨੂੰ ਤ੍ਰਕੀ ਦੇਨ ਵਿਖੇ ਮੱਦਦਗਾਰ ਅਤੇ ਸਹਾਇਕ ਹੋਵੋਗੇ, ਇਉਂ ਕਰਨ ਤੋਂ ਤੁਸੀ ਗੁਲਾਮ ਬਨ ਜਾਓਗੇ ਅਰ ਹੋ ਸਕਦਾ ਹੈ ਕਿ ਇਕ ਵੇਲਾ ਅਜਿਹਾ ਆਵੇਗਾ ਕਿ ਜਿਨ੍ਹਾਂ ਲੋਕਾਂ ਨੂੰ ਤੁਸੀ ਖੁਸ਼ ਕਰਨਾ ਚਾਹੁੰਦੇ ਹੋ ਓਹ ਭੀ ਤੁਹਾਡੀ ਇੱਜ਼ਤ ਨਾਂ ਕਰਨਗੇ।

ਜੇ ਤੁਸੀ ਆਪਣੇ ਆਪ ਨੂੰ ਕਾਇਮ ਰੱਖੋਗੇ ਤਾਂ ਤੁਸੀ ਸਾਰਿਆਂ ਉੱਤੇ ਪ੍ਰਬਲ ਹੋ ਜਾਓਗੇ ਅਰ ਜੇ ਤੁਸੀ ਸਿਆਣਪ ਅਤੇ ਹੁਸ਼ਿਆਰੀ ਨਾਲ ਕੰਮ ਕਰੋਗੇ ਤਾਂ ਤੁਸੀ ਆਪਣੇ ਰੋਅਬ ਦਾਬ ਅਤੇ ਤਾਕਤ ਦੁਆਰਾ ਸੰਸਾਰ ਵਿਚ ਸਭ ਤੋਂ ਉੱਤਮ ਅਰ ਵਧੇਰੇ ਅਰੋਗਤਾ ਦਾਤਾ ਸੂਰਤਾਂ ਪੈਦਾ ਕਰੋਗੇ। ਇਸਤੋਂ ਛੁਟ ਇਉਂ ਕਰਨ ਤੋਂ ਸਾਰੇ ਲੋਕ ਤੁਹਾਡਾ ਵਧੇਰੇ ਲਿਹਾਜ ਕਰਨਗੇ ਅਰ ਤੁਹਾਡੀ ਬਹੁਤ ਹੀ ਜ਼ਿਆਦਾ ਇੱਜ਼ਤ ਕਰਨਗੇ ਅਰ ਜੇ ਤੁਸੀ ਆਪਣੇ ਅਸੂਲਾਂ ਨੂੰ ਛੱਡਕੇ ਹੋਰਨਾਂ ਨਾਲ ਭੇਡਾਂ

ਵਿਚ ਭੇਡ ਮਿਲ ਜਾਂਦੇ ਅਰ ਆਪਣੀ ਨਿਰਬਲਤਾ ਤੇ ਓਹਨਾਂ ਦੀਆਂ ਰਸਮਾਂ ਅਰ ਰਵਾਜਾਂ ਦੀ ਪੁਸ਼ਟੀ ਕਰਦੇ ਤਾਂ ਤੁਹਾਡੀ ਏਨੀਂ ਇੱਜ਼ਤ ਨਾਂ ਹੁੰਦੀ । ਇਸ ਵੇਲੇ ਤੁਹਾਡਾ ਦਬਦਬਾ ਹਰ ਪ੍ਰਕਾਰ ਦੇ ਲੋਕਾਂ ਤੇ ਹੋਵੇਗਾ "ਸਭ ਤੋਂ ਉੱਤਮ ਦਰਜੇ ਦਾ ਬਹਾਦਰ ਪੁਰਸ਼ ਸਾਰੇ ਫਿਰਕਿਆਂ ਨੂੰ ਅਰ ਸੁਸਾਇਟੀ ਵਿਚ ਹਰ ਤਰਾਂ ਦੇ ਲੋਕਾਂ ਨੂੰ ਆਪਣੇ ਵਲ ਖਿੱਚ ਲੈਂਦਾ ਹੈ, ਏਥੋਂ ਤਾਈਂ ਕਿ ਅਸੀ ਆਖ ਸਕਦੇ ਹਾਂ ਕਿ ਕੁੱਤੇ ਭੀ ਇਸ ਬਹਾਦਰ ਪੁਰਖ ਤੇ ਯਕੀਨ ਕਰਨ ਲੱਗ ਜਾਂਦੇ ਹਨ ।"

ਆਪਣੇ ਆਪ ਨੂੰ ਕਾਇਮ ਰੱਖਣਾ ਇਹੀ ਅਤੀ ਯੋਗ ਅਤੇ ਹਰ ਤਰਾਂ ਨਾਲ ਤਸੱਲੀ ਦੇ ਯੋਗ ਚੀਜ਼ ਹੈ। ਇਕ ਪੁਰਸ਼ ਇਸਤਰਾਂ ਆਖਦਾ ਹੈ: "ਕੀ ਇਹ ਹੱਛੀ ਜੁਗਤੀ ਨਹੀਂ ਹੈ ਕਿ ਇਕ ਪੁਰਸ਼ ਆਪਣੇ ਆਸ ਪਾਸ ਦੇ ਲੋਕਾਂ ਦੇ ਕਹਣੇ ਤੇ ਚੱਲੇ ਅਰ ਓਹਨਾਂ ਦੀਆਂ ਗੱਲਾਂ ਨੂੰ ਮੰਨ ਲਵੇ?" ਸੁੰਦਰ ਜੁਗਤੀ ਕੀ ਹੈ ? ਆਪਣੇ ਆਪ ਤੇ ਕਾਇਮ ਰਹਿਣਾ," ਇਹੀ ਆਦ ਇਹੀ ਅੰਤ ਅਰ ਇਹੀ ਸਦੀਵ ਹੋਣਾ ਲੋੜੀਏ । ਇਹ ਸਭ ਤੋਂ ਉੱਤਮ ਸਿਖਜਾ ਹੈ, ਕਿ: "ਤੂੰ ਆਪਣੇ ਧਰਮ ਤੇ ਕਾਇਮ ਰਹੋ ਅਰ ਆਪਣੇ ਨਿਜ ਭਾਵ ਦੇ ਅਨੁਸਾਰ ਐਉਂ ਚੱਲ, ਜਿਵੇਂ ਰਾਤ ਦੇ ਪਿੱਛੇ ਪਿੱਛੇ ਦਿਨ, ਅਰ ਉਸਦਾ ਜ਼ਰੂਰੀ ਫਲ ਇਹ ਹੋਵੇਗਾ ਕਿ ਫੇਰ ਤੂੰ ਕਿਸੇ ਪੁਰਖ ਨਾਲ ਦਗ਼ਾ ਨਹੀਂ ਕਰ ਸਕੇਂਗਾ"।

"ਜਦੋਂ ਅਸੀ ਅਕਾਲ ਪੁਰਖ ਦਾ ਧਿਆਨ ਕਰਦੇ ਹਾਂ ਅਰ ਸਾਡਾ ਜੀਵਨ ਇਕ ਅਸੂਲ ਦੀ ਤਾਬਜਾ

ਹੁੰਦਾ ਹੈ, ਤਦੋਂ ਇਸ ਗੱਲ ਦਾ ਡਰ ਨਹੀਂ ਰਹਿੰਦਾ ਕਿ ਆਮ ਲੋਕ ਸਾਡੀ ਬਾਬਤ ਕੀ ਖਿਆਲ ਰੱਖਨਗੇ ਅਤੇ ਓਹ ਸਾਡੇ ਉੱਤੇ ਰਾਜ਼ੀ ਨਹੀਂ ਹੋਨਗੇ ਅਰ ਸਾਨੂੰ ਪੂਰਾ ਭਰੋਸਾ ਰਖਨਾ ਚਾਹੀਏ ਕਿ ਆਪ ਕਰਤਾਰ ਸਾਡੀ ਸੰਭਾਲ ਕਰੇਗਾ। ਜੇ ਅਸੀ ਇਸਤਰਾਂ ਜੀਵਨ ਬਤੀਤ ਕਰਨਾ ਚਾਹੀਏ ਕਿ ਹੋਰ ਲੋਕ ਸਾਡੇ ਤੇ ਖੁਸ਼ ਰਹਨ, ਤਾਂ ਅਸੀ ਕਦੀ ਭੀ ਓਹਨਾਂ ਨੂੰ ਖੁਸ਼ ਨਾਂ ਕਰ ਸੱਕਾਂਗੇ ਅਰ ਜਿੰਨਾ ਅਸੀ ਓਹਨਾਂ ਨੂੰ ਖੁਸ਼ ਕਰਨ ਵਾਸਤੇ ਓਹਨਾਂ ਦੇ ਅਨੁਸਾਰ ਅਮਲ ਕਰਾਂਗੇ, ਓਨਾਂ ਓਹ ਸਾਡੇ ਤੇ ਵਧੇਰੇ ਸਖਤੀ ਕਰਨਗੇ ਅਰ ਅਯੋਗ ਗੱਲਾਂ ਕਰਨੀਆਂ ਚਾਹੁਨਗੇ। ਤੁਹਾਡਾ ਆਪਣੇ ਜੀਵਨ ਤੇ ਹਕੂਮਤ ਕਰਨਾ ਇਕ ਅਜਿਹਾ ਮਾਮਲਾ ਹੈ ਜੋ ਉੱਕਾ ਹੀ ਤੁਹਾਡੇ ਅਤੇ ਪ੍ਰਮਾ-ਤਮਾਂ ਦੇ ਵਿਚਕਾਰ ਵਾਪਰਿਆ ਹੋਇਆ ਹੈ ਅਰ ਜਦੋਂ ਪ੍ਰਮਾਤਮਾਂ ਤੋਂ ਛੁਟ ਕਿਸੇ ਹੋਰ ਵਸੀਲੇ ਕਰਕੇ ਤੁਹਾਡੇ ਜੀਵਨ ਤੇ ਦਬਦਬਾ ਬੈਠ ਗਿਆ ਤਾਂ ਤੁਸੀ ਡਿੰਗੇ ਰਾਹ ਤੇ ਚਲ ਰਹੇ ਹੋ, ਜਦੋਂ ਅਸੀ ਆਪਣੀ ਅੰਦ੍ਰਲੀ ਪਾਤ-ਸ਼ਾਹੀ ਤੇ ਆਪ ਕਾਬਜ਼ ਹੋ ਜਾਂਦੇ ਹਾਂ ਅਰ ਅਪਾਰ ਕਰ-ਤਾਰ ਵਿਖੇ ਸਾਨੂੰ ਪੂਰੀ ਪੂਰੀ ਇਸਥਿਤੀ ਹੋ ਜਾਂਦੀ ਹੈ, ਤਦੋਂ ਅਸੀ ਆਪਣੇ ਆਗੂ ਆਪ ਬਨ ਜਾਂਦੇ ਹਾਂ। ਜਦੋਂ ਅਸੀ ਆਪਣੇ ਵਾਸਤੇ ਆਪ ਹੀ ਕਾਨੂਨ ਬਨ ਜਾਂਦੇ ਹਾਂ ਤਾਂ ਅਸੀ ਹੋਰਨਾਂ ਲੋਕਾਂ ਨੂੰ ਜੋ ਨੀਚ ਨਿਯਮਾਂ ਦੀ ਤਾਬਿਆ ਜਾਂ ਗੁਲਾਮ ਹੁੰਦੇ ਹਨ ਉੱਤਮ ਉੱਤਮ ਨਿਯਮਾਂ ਤੋਂ ਜਾਣੂ ਕਰਾ ਸਕਦੇ ਹਾਂ। ਜਦੋਂ ਅਸਾਂ ਨੇ ਕੇਂਦ੍ਰ ਰੂਪ ਸ੍ਵੈ ਸਰੂਪ ਨੂੰ ਜਾਣ ਲੀਤਾ, ਤਦੋਂ ਓਹ ਸੁੰਦਰ ਸਾਦਗੀ

ਜੋ ਅਸਲ ਵਿਚ ਵੱਡੇ ਲੋਕਾਂ ਦਾ ਅਸਲੀ ਜੌਹਰ ਹੈ ਅਰ ਓਹਨਾਂ ਵਾਸਤੇ ਤਤਕਾਲੀ ਮੰਤ੍ਰ ਜਾਦੂ ਅਤੇ ਤਾਕਤ ਦਾ ਕੰਮ ਦੇਂਦੀ ਹੈ, ਸਾਡੇ ਜੀਵਨ ਵਿਖੇ ਆਨ ਪ੍ਰਵੇਸ਼ਦੀ ਹੈ। ਫੇਰ ਅਸੀ ਜ਼ਾਹਰ ਦਾਰੀ ਜਾਂ ਬਨਾਵਟ ਕਰਨ ਦਾ ਜਤਨ ਨਹੀਂ ਕਰਦੇ, ਕਿਉਂਕਿ ਇਸਤੋਂ ਕਮਜ਼ੋਰੀ ਅਧੀਰਤਾ ਅਰ ਅਸਲੀ ਤਾਕਤ ਦਾ ਘਾਟਾ ਪ੍ਰਗਟ ਹੁੰਦਾ ਹੈ ਅਰ ਉਸਤੋਂ ਉਸ ਪੁਰਸ਼ ਦਾ ਖਿਆਲ ਆਉਂਦਾ ਹੈ ਜੋ ਪੂਛ ਕੱਟੇ ਹੋਏ ਘੋੜੇ ਤੇ ਸੁਆਰ ਹੁੰਦਾ ਹੈ। ਇਹ ਪੁਰਖ ਇਸ ਗੱਲ ਨੂੰ ਜਾਨ ਲੈਂਦਾ ਹੈ ਕਿ ਮੈਂ ਅਧੀਰ ਅਰ ਕਮਜ਼ੋਰ ਪੁਰਖਾਂ ਦੇ ਟੋਲੇ ਵਿਚੋਂ ਹਾਂ ਅਰ ਮੇਰੇ ਅੰਦਰ ਕੋਈ ਚੰਗਿਆਈ ਨਹੀਂ, ਜਿਸਤੋਂ ਲੋਕ ਮੇਰੇ ਵਲ ਪ੍ਰੇਰੇ ਜਾਨ। ਏਸ ਵਾਸਤੇ ਓਹ ਪਸ਼ੂਆਂ ਵਾਲੀ ਜੁਗਤੀ ਗ੍ਰਹਣ ਕਰਦਾ ਹੈ ਕਿ ਆਪਣੇ ਘੋੜੇ ਦੀ ਪੂਛ ਕੱਟ ਦੇਂਦਾ ਹੈ, ਤਾਕਿ ਘੋੜੇ ਦੀ ਅਸਾਧਾਰਨ ਅਰ ਅਸਚਰਜ ਸ਼ਕਲ ਹੋਣ ਕਰਕੇ ਲੋਕਾਂ ਦਾ ਧਿਆਨ ਉਸ ਪੁਰਖ ਵੱਲ ਖਿੱਚਿਆ ਜਾਏ, ਕਿਉਂਕਿ ਓਹ ਆਪ ਇਸ ਯੋਗ ਨਹੀਂ ਕਿ ਲੋਕਾਂ ਦੇ ਧਿਆਨ ਨੂੰ ਆਪਣੇ ਵਲ ਕਾਇਮ ਕਰ ਸਕੇ।

ਜੋ ਪੁਰਸ਼ ਜ਼ਾਹਰੀ ਬਨਾਵਟ ਕਰਦਾ ਹੈ ਓਹ ਹੋਰਨਾਂ ਨੂੰ ਧੋਖਾ ਦੇਨ ਵਿਖੇ ਏਨੀਂ ਸਫਲਤਾ ਪ੍ਰਾਪਤ ਨਹੀਂ ਕਰਦਾ, ਜਿੰਨਾ ਕਿ ਓਹ ਆਪ ਧੋਖਾ ਖਾਂਦਾ ਹੈ। ਜਿਨ੍ਹਾਂ ਲੋਕਾਂ ਵਿਚ ਚਾਹੇ ਇਸਤ੍ਰੀਆਂ ਹੋਨ ਚਾਹੇ ਮਨੁਖ, ਅਸਲੀ ਸਿਆਣਪ ਅਤੇ ਵਿਚਾਰ ਹੈ ਓਹ ਸਮੀਪਵਰਤੀ ਲੋਕਾਂ ਦੇ ਕੰਮਾਂ ਦੀ ਬਾਬਤ ਝਟ ਤਾੜ ਜਾਂਦੇ ਹਨ ਕਿ ਕੇਹੜੇ ਕੇਹੜੇ ਕਾਰਨ ਅਤੇ ਪ੍ਰੇਰਨਾਂ ਤੋਂ ਇਹ ਕਾਰਜ

ਪ੍ਰਗਟ ਹੋਏ ਹਨ :"ਵੱਡਾ ਓਹੀ ਹੈ ਜੋ ਆਪਣੀ ਅਸਲੀ ਸਾਦਗੀ ਤੇ ਕਾਇਮ ਹੈ ਅਰ ਹੋਰਨਾਂ ਦੀ ਪੈਰਵੀ ਨਹੀਂ ਕਰਦਾ" ਜਿਨ੍ਹਾਂ ਲੋਕਾਂ ਨੂੰ ਆਪਣੀਆਂ ਅੰਦਲੀਆਂ ਤਾਕਤਾਂ ਦੀ ਅਸਲੀਅਤ ਠੀਕ ਠੀਕ ਮਲੂਮ ਹੈ ਓਹ ਲੋਕ ਪ੍ਰਤੱਖ ਤਾਂ ਬਹੁਤ ਥੋਹੜਾ ਕੰਮ ਕਰਦੇ ਹੋਏ ਪ੍ਰਤੀਤ ਹੁੰਦੇ ਹਨ, ਪਰ ਅਸਲ ਵਿਚ ਓਹ ਬਹੁਤ ਕੁਝ ਕਰ ਰਹੇ ਹਨ, ਓਹ ਪ੍ਰਤੱਖ ਬਹੁਤ ਥੋਹੜਾ ਕੰਮ ਕਰਦੇ ਹੋਏ ਇਸ ਵਾਸਤੇ ਪ੍ਰਤੀਤ ਹੁੰਦੇ ਹਨ ਕਿ ਓਹ ਉੱਤਮ ਤੋਂ ਉੱਤਮ ਸ਼ਕਤੀਆਂ ਨਾਲ ਮਿਲਕੇ ਕੰਮ ਕਰ ਰਹੇ ਹਨ। ਬੱਸ ਏਹੀ ਕਾਰਨ ਹੈ ਕਿ ਓਹ ਬਹੁਤ ਕੁਝ ਕਰ ਰਹੇ ਹਨ, ਓਹ ਆਪਣਾ ਕੰਮ ਉੱਪਰਲੇ ਮੰਡਲ ਦਾ ਕਰ ਰਹੇ ਹਨ, ਓਹ ਉਸ ਬਅੰਤ ਵਾਹਿਗੁਰੂ ਨਾਲ ਆਪਣਾ ਸੰਬੰਧ ਅਜਿਹਾ ਪੂਰਾ ਪੂਰਾ ਕਾਇਮ ਰੱਖਦੇ ਹਨ ਕਿ ਇਹ ਬੇਅੰਤ ਸ਼ਕਤੀ ਓਹਨਾਂ ਦੇ ਵਾਸਤੇ ਕੰਮ ਕਰਦੀ ਹੈ ਅਰ ਓਹ ਜ਼ਿੰਮੇਵਾਰੀ ਤੋਂ ਖਲਾਸ ਹੋ ਜਾਂਦੇ ਹਨ। ਇਹ ਲੋਕ ਬੇਪ੍ਰਵਾਹ ਹਨ, ਬੇਪ੍ਰਵਾਹ ਏਸ ਵਾਸਤੇ ਹਨ ਕਿ ਬੇਅੰਤ ਸ਼ਕਤੀ ਓਹਨਾਂ ਦੁਆਰੇ ਕੰਮ ਕਰ ਰਹੀ ਹੈ ਅਰ ਇਹ ਕੇਵਲ ਉਸ ਬੇਅੰਤ ਸ਼ਕਤੀ ਨਾਲ ਮਿਲਕੇ ਸਪਸ਼ਟਤਾ ਨਾਲ ਕੰਮ ਕਰ ਰਹੇ ਹਨ।

ਇਹ ਆਪਣਾ ਆਤਮਾ ਤੇਰਾ, ਸੱਚਾ ਸਭ ਤੋਂ ਉੱਚਾ। ਇਸਨੂੰ ਐਸੀ ਭਾਂਤ ਅਰਾਧੋ, ਜਜੋਂ ਨਿਸ ਦਿਵਸ ਪਰਚਾ। ਇਉਂ ਕਰ ਕੀਤੇ, ਅੰਮ੍ਰਿਤ ਪੀਤੇ, ਸੱਚੋ ਸੱਚ ਪਛਾਨੇ। ਕਿਸ ਸੋਂ ਛਲ ਅਰੁ ਕਪਟ ਨ ਰਹਿ ਹੈ, ਝੂਠ ਨ ਕਿਤਹੂੰ ਰੁਚਾਨੇ।

ਅਤੀ ਉੱਚ ਦਰਜੇ ਰ ਸਾਰ ਦੇ ਖੁੱਲ੍ਹਨ ਵਾਲੇ ਦਾ ਭੇਤ ਕੇਵਲ ਇਹ ਹੈ ਕਿ ਾਦੇ ਸਨ ਤਾਂ ਇਹ ਚੀ ਵਾਲੇ ਬਾਹਰਲੇ ਵਸੀਲੇ ਨੂੰ ਕੰਮ ਕ ਵਧ ਕੇ ਆਉਨ ਸ਼ਕਤੀ ਦੇ ਨਾਲ ਮਿਲਾ ਦਿੱਤਾ ਜਾਵੇ। ਜੇ੍ਹੀ ਹੌਲੀ ਸਾਰਾ ਵੀਰ ਬਨਾਨ ਵਾਲੇ ਚਿਤ੍ਰਕਾਰ ਹੋ ਤਾਂ ਜਿੰਨਾ੍ਹ ਹੋਇਆ ਨੀਆਂ ਅੰਦ੍ਰਲੀਆਂ ਸ਼ਕਤੀਆਂ ਦੇ ਬਲ ਨਾਲ ਕੰਮ ਲਾਗੇ, ਓਨਾਂ ਹੀ ਤੁਸੀ ਵਿਚਲੇ ਦਰਜੇ ਦੇ ਤਸਵੀਰ ਬਨਾਨਵਾਲੇ ਹੋਨ ਦੀ ਥਾਂ ਵੱਡੇ ਤਸਵੀਰ ਕਰਤਾ (ਪ੍ਰਸਿੱਧ ਚਿੱਤ੍ਰਕਾਰ) ਬਨ ਜਾਓਗੇ। ਜੋ ਇਲਹਾਮ ਤੁਹਾਨੂੰ ਆਪਣੀ ਆਤਮਾਂ ਦੁਆਰਾ ਪ੍ਰਾਪਤ ਹੁੰਦੇ ਹਨ, ਓਹੀ ਅਤੀ ਉੱਤਮ ਹਨ, ਤਾਂਤੇ ਇਨ੍ਹਾਂ ਤੋਂ ਵਧਕੇ ਐਸਾ ਕੋਈ ਇਲਹਾਮ ਨਹੀਂ ਹੈ, ਜਿਨ੍ਹਾਂ ਨੂੰ ਤੁਸੀ ਪੱਕੀ ਸੂਰਤ ਵਿਚ ਰੱਖ ਸਕੋ, ਇਸ ਵਾਸਤੇ ਕਿ ਇਹ ਅਤੀ ਉੱਤਮ ਇਲਹਾਮ ਤੁਹਾਡੀ ਆਤਮਾਂ ਦੁਆਰਾ ਤੁਹਾਨੂੰ ਆਵਨ। ਇਹ ਜ਼ਰੂਰ ਹੈ ਕਿ ਤੁਸੀ ਆਪਣੀ ਆਤਮਾਂ ਦੇ ਅੰਦਰ ਹਰ ਤਰਾਂ ਦੇ ਇਲ-ਹਾਮ ਦੇ ਉੱਤਮ ਤੋਂ ਉੱਤਮ ਸੋਮੇਂ ਅਰਥਾਤ ਰੱਬੀ ਧਾਰਾ ਨੂੰ ਸੁਤੰਤ੍ਰਤਾ ਨਾਲ ਆਉਨ ਲਈ ਖੋਲ੍ਹ ਦਿਓ। ਜੇ ਤੁਸੀ ਲੈਕਚਰਾਰ ਹੋ ਤਾਂ ਜਿੰਨਾ ਤੁਸੀ ਆਪਣੇ ਹੀ ਦੁਆਰਾ ਬਾਤ ਚੀਤ ਕਰਨ ਵਾਲੀਆਂ ਉੱਤਮ ਤਾਕਤਾਂ ਨਾਲ ਮਿਲਕੇ ਕੰਮ ਕਰੋਗੇ ਅਰ ਓਹਨਾਂ ਦੇ ਨਾਲ ਪਿਆਰ ਪ੍ਰਗਟ ਕਰੋਗੇ, ਤਾਂ ਓਨਾਂ ਹੀ ਤੁਹਾਨੂੰ ਮਨੁਖਾਂ ਦਾ ਚਾਲ ਚਲਨ ਸੁਧਾਰਨ ਅਰ ਓਹਨਾਂ ਨੂੰ ਪ੍ਰੇਰਨਾਂ ਕਰਨ ਵਿਖੇ ਅਸਲੀ ਤਾਕਤ ਪ੍ਰਾਪਤ ਹੋਵੇਗੀ। ਜੇ ਤੁਸੀ ਕੁਰਲਾਨ ਅਤੇ ਜ਼ੋਰ ਜ਼ੋਰ ਨਾਲ ਹੱਥ ਪੈਰ ਮਾਰਨ ਤੇ ਹੀ ਬੱਸ ਕਰਦੇ

ਸਾਹਿਬ ਦੇ ਸਾਰੇ ਰਾਗਾਂ ...ਆ ਦਾ ਅਸਰ ਕੇਵਲ ਬਜ਼ਾਰੀ ਨਾਈਨ" ਇਕ ਅ... ਅਰ ਓਹ ਤੁਹਾਡੇ ਨਾਲ ਦੇ ਬੜ ਓਹਨਾਂ ਦੀ ਅਤ... ਤੁਸੀ ਚਾਹੁੰਦੇ ਹੋ ਕਿ ਪ੍ਰਮਾਤਮਾਂ ਤੁਹਾਡੀ ਗਾਉਨ ਤੋਂ ... ਅਰ ਤੁਹਾਡੇ ਅੰਗਾਂ ਤੋਂ ਕੰਮ ਲਵੇ, ਤਾਂ ਸਾਹਿਬ ... ਬੜੇ ਅਸਰ ਵਾਲੇ ਲੈਕਚਰਾਰ ਹੋਵੋਗੇ ਅਰ ਵਿ... ਤੁਸੀ ਇਸ ਈਸ਼ੁਰੀ ਰੌ ਨੂੰ ਆਪਣੇ ਅੰਦ੍ਰ ਆਉਣ ਦਉਗੇ, ਓਨਾਂ ਤੁਹਾਡੀ ਵਿਆਖਿਆ ਵਿਚ ਵਡਿਆਈ ਅਤੇ ਸਚਾਈ ਆਵੇਗੀ।

ਜੇ ਤੁਸੀ ਗਵੱਯੇ ਹੋ ਤਾਂ ਤੁਸੀ ਈਸ਼ੁਰ ਪ੍ਰਮਾਤਮਾਂ ਵਲ ਧਿਆਨ ਕਰੋ ਅਰ ਇਸ ਈਸ਼ੁਰੀ ਰੌ ਨੂੰ ਰਾਗ ਦੀ ਸੂਰਤ ਵਿਚ ਆਪਣੇ ਗਲੇ ਥੀਂ ਨਿਕਲਨ ਦਿਓ, ਉਸ ਵਿਚ ਤੁਹਾਨੂੰ ਚਿਰਕਾਲ ਦੀ ਤੇ ਪੜ੍ਹੀ ਹੋਈ ਰਾਗ ਵਿਦ੍ਯਾ ਦੇ ਫੋਕੇ ਅਭ੍ਯਾਸ ਨਾਲੋਂ ਹਜ਼ਾਰਾਂ ਗੁਣਾਂ ਸੁਖਿਆਈ ਮਲੂਮ ਹੋਵੇਗੀ ਤੇ ਰਾਗ ਸੰਬੰਧੀ ਦੂਜੀਆਂ ਗੱਲਾਂ ਭੀ ਸਹਲੇ ਹੋ ਜਾਣਗੀਆਂ ਅਰ ਤੁਹਾਡੇ ਅੰਦਰ ਏਨਾਂ ਦਿਲ ਖਿੱਚਵਾਂ ਅਤੇ ਖੁਸ਼ੀ ਵਧਾਨ੍ਹ ਵਾਲਾ ਰਾਗ ਗਾਉਨ ਦੀ ਤਾਕਤ ਪ੍ਰਾਪਤ ਹੋ ਜਾਏਗੀ ਕਿ ਸੁਣਨ ਵਾਲਿਆਂ ਤੇ ਉਸਦਾ ਬਹੁਤ ਅਮੋਘ ਅਸਰ ਹੋਵੇਗਾ। ਉਨ੍ਹਾਲ ਵਿਚ ਜਦੋਂ ਮੇਰਾ ਡੇਰਾ (ਤੰਬੂ) ਕਿਸੇ ਜੰਗਲ ਦੇ ਕੰਢੇ ਜਾਂ ਉਸਦੇ ਵਿਚਕਾਰ ਖੜਾ ਕੀਤਾ ਗਿਆ ਹੋਵੇ, ਤਾਂ ਮੈਂ ਕਈ ਵਾਰੀ ਤੜਕਸਾਰ ਜਦੋਂ ਪਹੁ ਫਟਦੀ..ਹੈ ਆਪਣੀ ਮੰਜੀ ਤੇ ਪਿਆ ਹੋਇਆ ਜਾਗਦਾ ਰਹਿੰਦਾ ਸਾਂ, ਉਸ ਵੇਲੇ ਸ਼ੁਰੂ ਸ਼ੁਰੂ ਵਿਚ ਤਾਂ ਉੱਕੀ ਚੁਪ ਚਾਪ ਹੁੰਦੀ ਸੀ, ਫੇਰ ਕਿਧਰੇ ਕਿਧਰੇ ਅਰ ਕਦੀ ਕਦੀ ਚੀਂ ਚੀਂ ਸੁਣਨ ਵਿਚ